Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 26 | 24/07/2026 | www.samajweekly.com | samajweekly | @samajweekly | samajweekly

# ਕਾਕਰੋਚ ਜਨਤਾ ਪਾਰਟੀ ਵੱਲੋਂ ਭਲਕੇ ਦੇਸ਼ ਦੇ ਹਰ ਜ਼ਿਲ੍ਹੇ 'ਚ ਕੀਤਾ ਜਾਵੇਗਾ ਪ੍ਰਦਰਸ਼ਨ

## 'ਇਕ ਦਿਨ, ਇਕ ਮੰਗ' ਤਹਿਤ ਕੀਤਾ ਜਾਵੇਗਾ ਪ੍ਰਦਰਸ਼ਨ

**ਨਵੀਂ ਦਿੱਲੀ :** ਕਾਕਰੋਚ ਜਨਤਾ ਪਾਰਟੀ ਦੇਸ਼ ਭਰ ਵਿੱਚ ਕੱਲ੍ਹ ਪੁਲਿਸ ਦੀ ਧੱਕੇਸ਼ਾਹੀ ਖ਼ਿਲਾਫ਼ ਸ਼ਾਂਤੀਪੂਰਨ ਪ੍ਰਦਰਸ਼ਨ ਕਰੇਗੀ । ਸੀ.ਜੇ.ਪੀ. ਨੇ ਅਪੀਲ ਕੀਤੀ ਹੈ ਕਿ ਵਿਦਿਆਰਥੀ ਯੂਨੀਅਨਾਂ ਨੂੰ ਹਰ ਜ਼ਿਲ੍ਹੇ ਵਿੱਚ ਇਕੱਠੇ ਹੋ ਕੇ ਵਿਦਿਆਰਥੀਆਂ ਦੀਆਂ ਮੰਗਾਂ ਪੜ੍ਹੀਆਂ ਜਾਣਗੀਆਂ ਅਤੇ ਇਹ ਪ੍ਰਦਰਸ਼ਨ ‘ਇਕ ਦਿਨ, ਇਕ ਮੰਗ’ ਤਹਿਤ ਕੀਤਾ ਜਾਵੇਗਾ। ਸੀ.ਜੇ.ਪੀ. ਦੇ ਬੁਲਾਰੇ ਆਸ਼ੂਤੋਸ਼ ਰਾਂਕਾ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਸਰਕਾਰ ਦੇ ਨੁਮਾਇੰਦਿਆਂ ਨੇ ਜੰਤਰ-ਮੰਤਰ ਆਉਣ ਤੋਂ ਮਨ੍ਹਾ ਕਰ ਦਿੱਤਾ । ਉਨ੍ਹਾਂ ਦਾਅਵਾ ਕਰਦੇ ਹੋਏ ਕਿਹਾ ਕਿ ਅਜੇ ਵੀ ਮੰਤਰੀ ਜਿਤੇਂਦਰ ਸਿੰਘ ਬੋਲ ਰਹੇ ਹਨ ਕਿ ਕੇਂਦਰੀ ਮੰਤਰੀ ਜੇ.ਪੀ. ਨੱਡਾ ਦੇ ਘਰ ਗੱਲਬਾਤ ਲਈ ਬੁਲਾਇਆ ਹੈ । ਆਸ਼ੂਤੋਸ਼ ਨੇ ਜਨਤਾ ਤੋਂ ਹਾਮੀ ਭਰਵਾਉਂਦਿਆਂ ਪੁੱਛਿਆ ਕਿ ਜਾਣਾ ਚਾਹੀਦਾ ਹੈ ਜਾਂ ਨਹੀਂ।

ਆਸ਼ੂਤੋਸ਼ ਰਾਂਕਾ ਨੇ ਆਪਣੀਆਂ ਦੋ ਸ਼ਰਤਾਂ ਦੱਸਦਿਆਂ ਕਿਹਾ ਕਿ ਪਹਿਲੀ ਸ਼ਰਤ ਇਹ ਹੈ ਕਿ ਇਹ ਮੀਟਿੰਗ ਜੇ.ਪੀ. ਨੱਡਾ ਦੇ ਘਰ ਨਹੀਂ ਹੋਵੇਗੀ । ਇਹ ਮੀਟਿੰਗ ਜੰਤਰ-ਮੰਤਰ 'ਤੇ ਹੋਵੇਗੀ ਜਾਂ ਕਿਸੇ ਨਿਰਪੱਖ ਜਗ੍ਹਾ 'ਤੇ ਹੋਵੇਗੀ। ਦੂਜੀ ਸ਼ਰਤ ਰੱਖੀ ਕਿ ਸਰਕਾਰ ਨੂੰ ਠੋਸ ਗੱਲਬਾਤ ਕਰਨੀ ਪਵੇਗੀ ਅਤੇ ਦੱਸਣਾ ਪਵੇਗਾ ਕਿ ਮੰਗਾਂ ਕਦੋਂ ਤੱਕ ਪੂਰੀਆਂ ਹੋਣਗੀਆਂ।

ਉਧਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਪੋਸਟ ਕਰਦੇ ਹੋਏ ਕਿਹਾ ਕਿ ਦੇਸ਼ ਦੇ ਨੌਜਵਾਨਾਂ ਦਾ ਹਿੱਤ ਅਤੇ ਉਨ੍ਹਾਂ ਦਾ ਭਵਿੱਖ ਸਾਡੀ ਸਰਵਉੱਚ ਪਹਿਲ ਹੈ । ਪੇਪਰ ਲੀਕ ਦੇ ਸਾਰੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਖ਼ਤ ਸਜ਼ਾ ਦੇਣ ਲਈ, ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਫਾਸਟ ਟ੍ਰੈਕ ਅਦਾਲਤਾਂ ਦਾ ਗਠਨ ਕੀਤਾ ਜਾਵੇਗਾ। ਇਸ ਸਬੰਧ ਵਿੱਚ ਨਿਰਦੇਸ਼ ਦੇ ਦਿੱਤੇ ਗਏ ਹਨ ਕਿ ਸਬੰਧਤ ਵਿਭਾਗ ਜ਼ਰੂਰੀ ਕਾਰਵਾਈ ਯਕੀਨੀ ਬਣਾਉਣ। ਵਿਦਿਆਰਥੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ, ਸਰਕਾਰ ਦੁਆਰਾ ਲਏ ਜਾ ਰਹੇ ਫੈਸਲਿਆਂ ਦੀ ਲੜੀ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਹੈ। ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

**ਜੰਤਰ-ਮੰਤਰ ਦੇ 1.5 ਕਿਲੋਮੀਟਰ ਘੇਰੇ ’ਚ ਇੰਟਰਨੈੱਟ ਬੰਦ**

ਕੇਂਦਰੀ ਗ੍ਰਹਿ ਮੰਤਰਾਲੇ (ਐਮ.ਐਚ.ਏ.) ਨੇ ਵੀਰਵਾਰ ਨੂੰ ਨਵੀਂ ਦਿੱਲੀ ਵਿਚ ਜੰਤਰ-ਮੰਤਰ ਦੇ 1.5 ਕਿਲੋਮੀਟਰ ਦੇ ਘੇਰੇ ਵਿਚ ਜਨਤਕ ਹਿੱਤਾਂ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਦਾ ਹਵਾਲਾ ਦਿੰਦੇ ਹੋਏ ਮੋਬਾਈਲ ਇੰਟਰਨੈਟ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਬੰਦ ਕਰਨ ਦਾ ਆਦੇਸ਼ ਦਿੱਤਾ।

## ਸੋਨਮ ਵਾਂਗਚੁੱਕ ਨੇ 27ਵੇਂ ਦਿਨ ਖ਼ਤਮ ਕੀਤੀ ਭੁੱਖ ਹੜਤਾਲ, ਜੇ.ਪੀ ਨੱਡਾ ਤੇ ਜਿਤੇਂਦਰ ਸਿੰਘ ਨੇ ਪਿਲਾਇਆ ਪਾਣੀ

### ਕੇਂਦਰ ਸਰਕਾਰ ਨੇ ਸੋਨਮ ਨੂੰ ਦਿੱਤਾ ਲਿਖਤੀ ਭਰੋਸਾ, ਵਿਦਿਆਰਥੀਆਂ 'ਤੇ ਕਾਰਵਾਈ ਨਾ ਕਰਨ ਦਾ ਦਿੱਤਾ ਭਰੋਸਾ



ਪੇਪਰ ਲੀਕ ਦੇ ਵਿਰੋਧ ਵਿੱਚ ਭੁੱਖ ਹੜਤਾਲ 'ਤੇ ਬੈਠੇ ਸੋਨਮ ਵਾਂਗਚੁਕ ਨੇ 27ਵੇਂ ਦਿਨ ਆਪਣੀ ਭੁੱਖ-ਹੜਤਾਲ ਖ਼ਤਮ ਕਰ ਦਿੱਤੀ। ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਡਾ ਅਤੇ ਜਿਤੇਂਦਰ ਸਿੰਘ ਵੀਰਵਾਰ ਰਾਤ 12:30 ਵਜੇ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ ਪਹੁੰਚੇ। ਨੱਡਾ ਨੇ ਵਾਂਗਚੁਕ ਨੂੰ ਜੂਸ ਪਿਲਾ ਕੇ ਉਨ੍ਹਾਂ ਦਾ ਵਰਤ ਖ਼ਤਮ ਕਰਵਾਇਆ। ਇਸ ਦੌਰਾਨ, 'ਕਾਕਰੋਚ ਜਨਤਾ ਪਾਰਟੀ' (CJP) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਵਾਂਗਚੁਕ ਵੱਲੋਂ ਵਰਤ ਖਤਮ ਕਰਨ 'ਤੇ ਖੁਸ਼ੀ ਪ੍ਰਗਟਾਈ। ਹਾਲਾਂਕਿ, ਉਨ੍ਹਾਂ ਕਿਹਾ ਕਿ ਜੰਤਰ-ਮੰਤਰ 'ਤੇ ਚੱਲ ਰਿਹਾ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਸਤੀਫਾ ਨਹੀਂ ਦਿੰਦੇ। ਦੱਸ ਦੇਈਏ ਕਿ ਅੱਜ ਜੰਤਰ-ਮੰਤਰ 'ਤੇ ਚੱਲ ਰਹੇ ਪ੍ਰਦਰਸ਼ਨ ਦਾ 35ਵਾਂ ਦਿਨ ਹੈ। ਹਜ਼ਾਰਾਂ ਪ੍ਰਦਰਸ਼ਨਕਾਰੀ ਉੱਥੇ ਡਟੇ ਹੋਏ ਹਨ। ਇਸ ਦੌਰਾਨ, ਬੀਤੀ ਦੇਰ ਰਾਤ ਪ੍ਰਦਰਸ਼ਨਕਾਰੀਆਂ ਨੇ ਸੰਸਦ ਮਾਰਗ 'ਤੇ ਲੱਗੇ ਬੈਰੀਕੇਡ ਤੋੜ ਦਿੱਤੇ। ਸੀ.ਜੇ.ਪੀ. (CJP) ਨੇ ਅੱਜ ਦੇਸ਼-ਵਿਆਪੀ ਪ੍ਰਦਰਸ਼ਨਾਂ ਦਾ ਐਲਾਨ ਕੀਤਾ ਹੈ।

# ਇੰਗਲੈਂਡ ਦੇ ਪੱਬਾਂ, ਕਲੱਬਾਂ ਤੇ ਲਾਈਵ ਸੰਗੀਤ ਸਥਾਨਾਂ ਨੂੰ ਵੱਡੀ ਰਾਹਤ

**ਲੈਸਟਰ (ਇੰਗਲੈਂਡ)( ਸੁਖਜਿੰਦਰ ਸਿੰਘ ਢੱਡੇ) –** ਇੰਗਲੈਂਡ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਾਮ ਨੇ ਪੱਬਾਂ, ਕਲੱਬਾਂ ਅਤੇ ਲਾਈਵ ਸੰਗੀਤ ਸਥਾਨਾਂ ਨੂੰ ਵੱਡੀ ਰਾਹਤ ਦਿੰਦਿਆਂ ਅਗਲੇ ਸਾਲ ਅਪ੍ਰੈਲ ਤੋਂ ਉਨ੍ਹਾਂ ਦੀਆਂ ਕਾਰੋਬਾਰੀ ਰੇਟਾਂ (ਬਿਜ਼ਨਸ ਰੇਟਸ) ਵਿੱਚ 20 ਫ਼ੀਸਦੀ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਨਾਲ ਇੱਕ ਆਮ ਪੱਬ ਨੂੰ ਸਾਲਾਨਾ ਲਗਭਗ 1,100 ਪੌਂਡ ਦੀ ਬਚਤ ਹੋਵੇਗੀ, ਜਿਸ ਨਾਲ ਵਧ ਰਹੇ ਖਰਚਿਆਂ ਦੇ ਬੋਝ ਹੇਠ ਦੱਬੇ ਹਾਸਪਿਟੈਲਿਟੀ ਖੇਤਰ ਨੂੰ ਕੁਝ ਰਾਹਤ ਮਿਲੇਗੀ।

ਇਸ ਯੋਜਨਾ 'ਤੇ ਸਰਕਾਰ ਨੂੰ ਹਰ ਸਾਲ ਕਰੀਬ 100 ਮਿਲੀਅਨ ਪੌਂਡ ਦਾ ਖਰਚਾ ਆਵੇਗਾ। ਇਸ ਦੀ ਭਰਪਾਈ ਕੁਝ ਕਾਰੋਬਾਰਾਂ ਨੂੰ ਦਿੱਤੀਆਂ ਜਾ ਰਹੀਆਂ ਟੈਕਸ ਰਾਹਤਾਂ ਦੀ ਸਮੀਖਿਆ ਕਰਕੇ, ਖ਼ਾਸ ਕਰਕੇ ਵੇਪ ਸ਼ਾਪਾਂ ਵਰਗੇ ਕਾਰੋਬਾਰਾਂ ਸਬੰਧੀ ਨੀਤੀਆਂ ਵਿੱਚ ਤਬਦੀਲੀ ਅਤੇ ਆਨਲਾਈਨ ਮਾਰਕੀਟਪਲੇਸ ਰਾਹੀਂ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਵੱਲੋਂ ਟੈਕਸ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾ ਕੇ ਕੀਤੀ ਜਾਵੇਗੀ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਰਾਹਤ ਸਭ ਤੋਂ ਵੱਡੇ ਲਾਈਵ ਸੰਗੀਤ ਸਥਾਨਾਂ 'ਤੇ ਲਾਗੂ ਨਹੀਂ ਹੋਵੇਗੀ। ਕਿਹੜੇ ਕਾਰੋਬਾਰ ਇਸ ਛੋਟ ਲਈ ਯੋਗ ਹੋਣਗੇ, ਇਸ ਬਾਰੇ ਵਿਸਥਾਰ ਚਾਂਸਲਰ ਜੌਨ ਹੀਲੀ ਵੱਲੋਂ ਪਤਝੜ ਵਿੱਚ ਪੇਸ਼ ਕੀਤੇ ਜਾਣ ਵਾਲੇ ਪਹਿਲੇ ਬਜਟ ਵਿੱਚ ਜਾਰੀ ਕੀਤਾ ਜਾਵੇਗਾ। ਇਸ ਐਲਾਨ ਦਾ ਹਾਸਪਿਟੈਲਿਟੀ ਖੇਤਰ ਵੱਲੋਂ ਸਵਾਗਤ ਕੀਤਾ ਗਿਆ ਹੈ। ਯੂਕੇ ਹਾਸਪਿਟੈਲਿਟੀ ਦੇ ਮੁੱਖ ਕਾਰਜਕਾਰੀ ਐਲਨ ਸਿੰਪਸਨ ਨੇ ਇਸ ਨੂੰ ਸਹੀ ਦਿਸ਼ਾ ਵਿੱਚ ਚੁੱਕਿਆ ਗਿਆ ਕਦਮ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਨੇ ਉਦਯੋਗ ਦੀਆਂ ਮੁਸ਼ਕਲਾਂ ਨੂੰ ਸਮਝਣਾ ਸ਼ੁਰੂ ਕੀਤਾ ਹੈ, ਪਰ ਹੋਟਲਾਂ ਸਮੇਤ ਪੂਰੇ ਹਾਸਪਿਟੈਲਿਟੀ ਖੇਤਰ ਲਈ ਹੋਰ ਵਿਆਪਕ ਰਾਹਤ ਦੀ ਲੋੜ ਹੈ।

ਦੂਜੇ ਪਾਸੇ ਲਿਵਰਪੂਲ ਦੇ ਮਾ ਪੱਬ ਗਰੁੱਪ ਦੇ ਮਾਲਕ ਆਇਨ ਹੋਸਕਿਨਜ਼ ਨੇ ਕਿਹਾ ਕਿ 20 ਫ਼ੀਸਦੀ ਦੀ ਕਟੌਤੀ ਮਹੱਤਵਪੂਰਨ ਹੈ, ਪਰ ਅਸਲ ਲਾਭ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਯੋਗਤਾ ਦੇ ਨਿਯਮ ਕੀ ਹੋਣਗੇ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਕਾਰੋਬਾਰ ਦੀ ਸ਼੍ਰੇਣੀ ਦੇ ਆਧਾਰ 'ਤੇ ਉਨ੍ਹਾਂ ਦੇ ਕਈ ਸਥਾਨ ਰਾਹਤ ਤੋਂ ਵਾਂਝੇ ਰਹਿ ਗਏ ਸਨ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਐਂਡੀ ਬਰਨਹਾਮ ਵੱਲੋਂ ਤਿੰਨ ਦਿਨਾਂ ਵਿੱਚ ਕੀਤਾ ਗਿਆ ਇਹ ਤੀਜਾ ਵੱਡਾ ਨੀਤੀਗਤ ਐਲਾਨ ਹੈ। ਇਸ ਤੋਂ ਪਹਿਲਾਂ ਸਰਕਾਰ ਘਰੇਲੂ ਬਿਜਲੀ ਬਿੱਲਾਂ 'ਤੇ ਵੈਟ ਵਿੱਚ ਕਟੌਤੀ ਅਤੇ ਇੰਗਲੈਂਡ ਵਿੱਚ ਜ਼ਿਆਦਾਤਰ ਬੱਸ ਕਿਰਾਏ ਨੂੰ 2 ਪੌਂਡ ਤੱਕ ਸੀਮਤ ਕਰਨ ਦਾ ਐਲਾਨ ਵੀ ਕਰ ਚੁੱਕੀ ਹੈ। ਨਵੀਂ ਸਰਕਾਰ ਦੇ ਇਨ੍ਹਾਂ ਫ਼ੈਸਲਿਆਂ ਨੂੰ ਮਹਿੰਗਾਈ ਅਤੇ ਵਧ ਰਹੀਆਂ ਜੀਵਨ-ਜਾਚ ਲਾਗਤਾਂ ਦੇ ਮੱਦੇਨਜ਼ਰ ਲੋਕਾਂ ਅਤੇ ਕਾਰੋਬਾਰਾਂ ਨੂੰ ਰਾਹਤ ਦੇਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

# ਪ੍ਰਧਾਨ ਮੰਤਰੀ ਮੰਗਲ ਗ੍ਰਹਿ 'ਤੇ ਪਹੁੰਚਣ ਦਾ ਸਿਹਰਾ ਲੈਂਦੇ ਹਨ, ਹੁਣ ਆਪਣੇ ਕੰਮਾਂ ਦੀ ਜ਼ਿੰਮੇਵਾਰੀ ਵੀ ਲੈਣੀ ਚਾਹੀਦੀ ਹੈ: ਪ੍ਰਿਯੰਕਾ ਗਾਂਧੀ

## ਸੁਪਰੀਮ ਕੋਰਟ ਐਡਵੋਕੇਟਸ-ਆਨ-ਰਿਕਾਰਡ ਐਸੋਸੀਏਸ਼ਨ ਵੱਲੋਂ ਆਯੋਜਿਤ ਸਨਮਾਨ ਸਮਾਰੋਹ ਵਿੱਚ ਕੀਤਾ ਸੰਬੋਧਨ

**ਨਵੀਂ ਦਿੱਲੀ:** ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਵੀਰਵਾਰ ਨੂੰ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਹ "ਮੰਗਲ ਗ੍ਰਹਿ 'ਤੇ ਪਹੁੰਚਣ" ਦਾ ਸਿਹਰਾ ਲੈਂਦੇ ਹਨ, ਅਤੇ ਹੁਣ ਉਨ੍ਹਾਂ ਨੂੰ ਆਪਣੇ ਕੰਮਾਂ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਸੰਸਦ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਪ੍ਰਿਯੰਕਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਹੈ ਕਿ ਉਹ ਬੱਚਿਆਂ ਦੀ ਪਰਵਾਹ ਕਰਦੇ ਹਨ, ਜਦੋਂ ਕਿ ਕੱਲ੍ਹ ਰਾਤ ਉਨ੍ਹਾਂ ਨੇ ਉਨ੍ਹਾਂ ਨੂੰ "ਅੱਥਰੂ ਗੈਸ ਅਤੇ ਕੁੱਟਮਾਰ" ਕੀਤੀ ਹੈ। ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸਾਧਦੇ ਹੋਏ, ਉਨ੍ਹਾਂ ਕਿਹਾ, "ਕੀ ਤੁਸੀਂ ਸਾਡੇ ਲੋਕਤੰਤਰ ਦੇ ਇਤਿਹਾਸ ਵਿੱਚ ਕਦੇ ਦੇਖਿਆ ਹੈ ਕਿ ਸੱਤਾਧਾਰੀ ਧੜੇ ਦੇ ਸੰਸਦ ਮੈਂਬਰ ਬਾਹਰ ਖੜ੍ਹੇ ਹੋ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ? ਇਹ ਇੰਨੇ ਸਾਰੇ ਸੈਸ਼ਨਾਂ ਤੋਂ ਚੱਲ ਰਿਹਾ ਹੈ, ਅਤੇ ਉਹ ਸੰਸਦ ਨਹੀਂ ਚਲਾ ਸਕੇ ਹਨ। ਬਾਹਰ ਕੀ ਹੋ ਰਿਹਾ ਹੈ? ਉਹ ਕਮਜ਼ੋਰ ਅਤੇ ਕਾਇਰ ਹਨ।" ਕੇਂਦਰੀ ਦਿੱਲੀ ਦੇ ਕੁਝ ਇਲਾਕਿਆਂ ਵਿੱਚ ਇੰਟਰਨੈੱਟ ਬੰਦ ਹੋਣ ਦੀਆਂ ਰਿਪੋਰਟਾਂ ਬਾਰੇ ਪੁੱਛੇ ਜਾਣ 'ਤੇ, ਪ੍ਰਿਯੰਕਾ ਗਾਂਧੀ ਨੇ ਕਿਹਾ, "ਕੀ ਅਸੀਂ ਲੋਕਤੰਤਰ ਵਿੱਚ ਰਹਿ ਰਹੇ ਹਾਂ? ਜ਼ਰਾ ਸੋਚੋ, ਬੱਚੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ... ਉਨ੍ਹਾਂ ਨੇ ਇੰਟਰਨੈੱਟ ਕੱਟ ਦਿੱਤਾ ਹੈ, ਉਹ ਕੀ ਕਰ ਰਹੇ ਹਨ? ਵਿਦਿਆਰਥੀ ਅੱਤਵਾਦੀ ਨਹੀਂ ਹਨ।" ਉਨ੍ਹਾਂ ਦੇ ਮਾਪੇ ਚਿੰਤਤ ਹੋਣਗੇ, ਉਨ੍ਹਾਂ ਦੇ ਪਰਿਵਾਰ ਪਰੇਸ਼ਾਨ ਹੋਣਗੇ, ਉਹ ਕਿਸੇ ਨਾਲ ਸੰਪਰਕ ਨਹੀਂ ਕਰ ਸਕਦੇ। ਉਹ ਉਨ੍ਹਾਂ 'ਤੇ ਹੰਝੂ ਸੁੱਟ ਰਹੇ ਹਨ, ਕੁੱਟ ਰਹੇ ਹਨ। ਇਹ ਕਿਹੋ ਜਿਹਾ ਲੋਕਤੰਤਰ ਹੈ?"



ਮੀਡੀਆ ਨੂੰ ਸਵਾਲ ਕਰਦੇ ਹੋਏ, ਉਸਨੇ ਪੁੱਛਿਆ ਕਿ ਕੀ ਉਸਨੇ ਪੁੱਛਿਆ ਸੀ ਕਿ ਪ੍ਰਧਾਨ ਮੰਤਰੀ ਸੋਸ਼ਲ ਮੀਡੀਆ 'ਤੇ ਕਿਵੇਂ ਪੋਸਟ ਕਰ ਸਕਦੇ ਹਨ ਕਿ ਉਹ ਬੱਚਿਆਂ ਦੀ ਪਰਵਾਹ ਕਰਦੇ ਹਨ, ਜਦੋਂ ਕਿ ਕੱਲ੍ਹ ਰਾਤ ਉਨ੍ਹਾਂ ਨੇ "ਵਿਦਿਆਰਥੀਆਂ ਨੂੰ ਕੁੱਟਿਆ ਅਤੇ ਮਾਰਿਆ।" ਪ੍ਰਿਯੰਕਾ ਗਾਂਧੀ ਨੇ ਕਿਹਾ, "ਉਹ ਮੰਗਲ ਗ੍ਰਹਿ 'ਤੇ ਜਾਣ ਦਾ ਸਿਹਰਾ ਲੈਂਦਾ ਹੈ, ਉਹ ਸਾਡੇ ਨੌਜਵਾਨਾਂ ਅਤੇ ਸਾਡੇ ਲੋਕਾਂ ਦੁਆਰਾ ਕੀਤੀ ਗਈ ਹਰ ਪ੍ਰਾਪਤੀ ਦਾ ਸਿਹਰਾ ਲੈਂਦਾ ਹੈ। ਉਹ ਸਿਹਰਾ ਲੈਂਦਾ ਹੈ, ਹੈ ਨਾ? ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਉਹ ਆਪਣੇ ਕੰਮਾਂ ਦੀ ਜ਼ਿੰਮੇਵਾਰੀ ਲਵੇ।" ਉਸਨੇ ਕਿਹਾ, "ਉਹੀ ਹੈ ਜੋ ਲੋਕਾਂ ਨੂੰ ਕੁੱਟ ਰਿਹਾ ਹੈ। ਉਸਦੇ ਨੱਕ ਹੇਠ 152 ਪੇਪਰ ਲੀਕ ਹੋਏ ਸਨ, ਅਤੇ ਇੱਕ ਵੀ ਵਿਅਕਤੀ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ। ਕੌਣ ਜ਼ਿੰਮੇਵਾਰ ਹੈ?" ਜੇਕਰ ਮੋਦੀ ਮੰਗਲ ਗ੍ਰਹਿ 'ਤੇ ਪਹੁੰਚਣ ਲਈ ਜ਼ਿੰਮੇਵਾਰ ਹਨ, ਜੇਕਰ ਮੋਦੀ ਕਿਸੇ ਭਾਰਤੀ ਦੀ ਹਰ ਸਫਲਤਾ ਲਈ ਜ਼ਿੰਮੇਵਾਰ ਹਨ, ਭਾਵੇਂ ਉਹ ਓਲੰਪਿਕ ਹੋਵੇ ਜਾਂ ਏਸ਼ੀਆਈ ਖੇਡਾਂ, ਤਾਂ ਅੱਜ ਜੋ ਕੁਝ ਹੋ ਰਿਹਾ ਹੈ, ਉਸ ਲਈ ਮੋਦੀ ਜ਼ਿੰਮੇਵਾਰ ਹਨ।

# ਸੁਪਰੀਮ ਕੋਰਟ ਨੇ ਸੋਨਮ ਰਘੂਵੰਸ਼ੀ ਦੀ ਜ਼ਮਾਨਤ ਕੀਤੀ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵੀਰਵਾਰ ਨੂੰ ਸੋਨਮ ਰਘੂਵੰਸ਼ੀ ਨੂੰ ਮਿਲੀ ਜ਼ਮਾਨਤ ਰੱਦ ਕਰ ਦਿੱਤੀ। ਸੋਨਮ 'ਤੇ 2025 ਵਿੱਚ ਹਨੀਮੂਨ ਦੌਰਾਨ ਆਪਣੇ ਪਤੀ ਰਾਜਾ ਰਘੂਵੰਸ਼ੀ ਦੇ ਕਤਲ ਦਾ ਦੋਸ਼ ਹੈ। ਸੁਪਰੀਮ ਕੋਰਟ ਨੇ ਸੋਨਮ ਨੂੰ ਮਿਲੀ ਜ਼ਮਾਨਤ ਨੂੰ ਚੁਣੌਤੀ ਦੇਣ ਵਾਲੀ ਮੇਘਾਲਿਆ ਸਰਕਾਰ ਦੀ ਅਰਜ਼ੀ ਨੂੰ ਮਨਜ਼ੂਰੀ ਦੇ ਦਿੱਤੀ। ਜਸਟਿਸ ਐੱਮ. ਐੱਮ. ਸੁੰਦਰੇਸ਼ ਅਤੇ ਪੀ. ਬੀ. ਵਰਾਲੇ ਦੇ ਬੈਂਚ ਨੇ ਸੋਨਮ ਨੂੰ ਪੁਲਿਸ ਅੱਗੇ ਸਰੈਂਡਰ ਕਰਨ ਲਈ ਤਿੰਨ ਹਫ਼ਤਿਆਂ ਦਾ ਸਮਾਂ ਦਿੱਤਾ।

**ਸੁਪਰੀਮ ਕੋਰਟ ਨੇ ਕੀ ਕਿਹਾ?**



ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਟ੍ਰਾਇਲ ਛੇ ਮਹੀਨਿਆਂ ਦੇ ਅੰਦਰ ਅੱਗੇ ਨਹੀਂ ਵਧਦਾ ਅਤੇ ਪੂਰਾ ਨਹੀਂ ਹੁੰਦਾ, ਤਾਂ ਸੋਨਮ ਨਵੀਂ ਜ਼ਮਾਨਤ ਅਰਜ਼ੀ ਦਾਖਲ ਕਰ ਸਕਦੀ ਹੈ। ਮੱਧ ਪ੍ਰਦੇਸ਼ ਦੇ ਇੰਦੌਰ ਦੀ ਰਹਿਣ ਵਾਲੀ ਦੋਸ਼ੀ ਔਰਤ ਨੂੰ ਪਿਛਲੇ ਸਾਲ ਜੂਨ ਵਿੱਚ ਆਪਣੇ ਕਾਰੋਬਾਰੀ ਪਤੀ ਰਾਜਾ ਰਘੂਵੰਸ਼ੀ ਦੇ ਕਤਲ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

# ਅੰਨਾ ਹਜ਼ਾਰੇ ਨੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦੇ ਸਮਰਥਨ ਵਿੱਚ 'ਮੌਨ ਵਿਰੋਧ' ਕੀਤਾ ਸ਼ੁਰੂ

**ਮਹਾਰਾਸ਼ਟਰ:** ਸਮਾਜਿਕ ਕਾਰਕੁਨ ਅੰਨਾ ਹਜ਼ਾਰੇ ਨੇ ਦਿੱਲੀ ਵਿੱਚ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਦੇ ਸਮਰਥਨ ਵਿੱਚ ਵੀਰਵਾਰ ਨੂੰ ਮਹਾਰਾਸ਼ਟਰ ਦੇ ਅਹਿਲਿਆਨਗਰ ਵਿੱਚ ਦੋ ਘੰਟੇ ਦਾ ਮੌਨ ਵਿਰੋਧ ਪ੍ਰਦਰਸ਼ਨ ਕੀਤਾ। ਅੰਨਾ ਨੇ ਅਹਿਲਿਆਨਗਰ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਨੇੜੇ ਸਵੇਰੇ 11 ਵਜੇ ਆਪਣਾ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤਾ ਅਤੇ ਦੁਪਹਿਰ 1 ਵਜੇ ਸਮਾਪਤ ਕੀਤਾ। ਫਿਰ ਉਹ ਉਸੇ ਜ਼ਿਲ੍ਹੇ ਵਿੱਚ ਆਪਣੇ ਪਿੰਡ, ਰਾਲੇਗਣ ਸਿੱਧੀ ਲਈ ਰਵਾਨਾ ਹੋ ਗਏ।

ਹਜ਼ਾਰੇ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਕਿਹਾ, "ਹਿੰਸਾ ਅਤੇ ਪੁਲਿਸ ਕਾਰਵਾਈ ਦੀਆਂ ਰਿਪੋਰਟਾਂ ਬਹੁਤ ਦੁਖਦਾਈ ਹਨ।" ਉਨ੍ਹਾਂ ਪੱਤਰ ਵਿੱਚ ਕਿਹਾ ਕਿ ਪ੍ਰਦਰਸ਼ਨਕਾਰੀਆਂ ਦੀ ਅਸੰਤੁਸ਼ਟੀ ਨੂੰ ਕਾਨੂੰਨ ਵਿਵਸਥਾ ਦੀ ਸਮੱਸਿਆ ਵਜੋਂ ਨਹੀਂ, ਸਗੋਂ




ਸਮਾਜ ਦੀਆਂ ਦਰਦ ਅਤੇ ਉਮੀਦਾਂ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਹਜ਼ਾਰੇ ਨੇ ਲਿਖਿਆ ਕਿ ਜੇਕਰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਅਸਤੀਫ਼ਾ ਦੇਣ ਲਈ ਕਿਹਾ ਜਾਂਦਾ ਹੈ, ਤਾਂ "ਇਹ ਸਰਕਾਰ ਦੇ ਪਤਨ ਵੱਲ ਨਹੀਂ ਲੈ ਜਾਵੇਗਾ, ਸਗੋਂ ਇਸਦੇ ਕੰਮਕਾਜ ਨੂੰ ਵਧੇਰੇ ਜਵਾਬਦੇਹ ਅਤੇ ਪ੍ਰਭਾਵਸ਼ਾਲੀ ਬਣਾਏਗਾ।" ਉਨ੍ਹਾਂ ਸਰਕਾਰ ਨੂੰ "ਪ੍ਰਦਰਸ਼ਨਕਾਰੀਆਂ ਨੂੰ ਧੀਰਜ ਨਾਲ ਸੁਣਨ, ਵਿਸ਼ਵਾਸ ਦਾ ਮਾਹੌਲ ਬਣਾਉਣ ਅਤੇ ਸਕਾਰਾਤਮਕ ਗੱਲਬਾਤ ਰਾਹੀਂ ਹੱਲ ਲੱਭਣ" ਦੀ ਅਪੀਲ ਕੀਤੀ। ਹਜ਼ਾਰੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਮੋਦੀ ਨੂੰ ਇਸ ਲਈ ਲਿਖਿਆ ਕਿਉਂਕਿ ਪ੍ਰਧਾਨ ਮੰਤਰੀ "ਦੇਸ਼ ਦੇ ਸਰਵਉੱਚ ਨੇਤਾ ਹਨ ਅਤੇ ਉਨ੍ਹਾਂ ਨੂੰ ਜਨਤਕ ਮੁੱਦਿਆਂ ਤੋਂ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ।"

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਲੁਧਿਆਣਾ: ਨੌਜਵਾਨ ਨੇ ਚਲਦੀ ਸਕਾਰਪੀਓ 'ਚ ਆਪਣੇ ਆਪ ਨੂੰ ਮਾਰੀ ਗੋਲੀ



**ਲੁਧਿਆਣਾ:** ਲੁਧਿਆਣਾ ਵਿੱਚ ਨੌਜਵਾਨ ਨੇ ਚਲਦੀ ਸਕੋਰਪੀਓ ਵਿੱਚ ਆਪਣੇ ਆਪ ਨੂੰ ਲਾਈਸੰਸੀ ਰਿਵਾਲਵਰ ਦੇ ਨਾਲ ਖੁਦ ਨੂੰ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਗੋਲੀ ਲੱਗਣ ਦੇ ਬਾਅਦ ਕਾਰ ਬੇਕਾਬੂ ਹੋ ਕੇ ਸੜਕ ’ਤੇ ਲੱਗੇ ਸਾਈਨ ਬੋਰਡ ਨਾਲ ਜਾ ਟਕਰਾਈ। ਰਾਹ ਵਿੱਚ ਜਾ ਰਹੇ ਲੋਕਾਂ ਨੇ ਨੌਜਵਾਨ ਨੂੰ ਨਿਜੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਦੀ ਪਛਾਣ ਪਿੰਡ ਦਾਖਾ ਨਿਵਾਸੀ ਜਸਪ੍ਰੀਤ ਸਿੰਘ ਉਰਫ ਜੱਸਾ ਦੇ ਰੂਪ ਵਿੱਚ ਹੋਈ ਹੈ। ਇਹ ਘਟਨਾ ਉਸ ਵਕਤ ਹੋਈ, ਜਦੋਂ ਜਸਪ੍ਰੀਤ ਆਪਣੇ ਪਿੰਡ ਦਾਖਾ ਤੋਂ ਲੁਧਿਆਣੇ ਜਾ ਰਿਹਾ ਸੀ। ਇਹ ਹਾਦਸਾ ਸ਼ਾਮ ਕਰੀਬ 5 ਵਜੇ ਜੀਟੀ ਰੋਡ ਤੇ ਹਵੇਲੀ ਦੇ ਕੋਲ ਹੋਇਆ ਅਤੇ ਸੂਤਰਾਂ ਮੁਤਾਬਕ ਜਾਣਕਾਰੀ ਮਿਲ ਰਹੀ ਹੈ ਕਿ ਸਕੋਰਪੀਓ ਗੱਡੀ ਦੇ ਵਿੱਚ ਫੋਨ ’ਤੇ ਨੌਜਵਾਨ ਗੱਲ ਕਰ ਰਿਹਾ ਸੀ ਅਤੇ ਉਸ ਤੋਂ ਬਾਅਦ ਅਚਾਨਕ ਉਸ ਨੇ ਗੱਡੀ ਦੀ ਸਪੀਡ ਵਧਾ ਦਿੱਤੀ ਅਤੇ ਲਾਈਸੰਸੀ ਰਿਵਾਲਵਰ ਨਾਲ ਆਪਣੇ ਸਿਰ ਵਿੱਚ ਗੋਲੀ ਮਾਰ ਲਈ। ਫਿਲਹਾਲ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।


Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬੀ ਗਾਇਕ ਦਿਲਪ੍ਰੀਤ ਢਿੱਲੋਂ 'ਤੇ ਮੋਹਾਲੀ 'ਚ ਮਾਮਲਾ ਦਰਜ

**ਮੋਹਾਲੀ:** ਰਹਿਮਤ ਮਰਵਾਹਾ ਪੁੱਤਰ ਵਜਿੰਦਰ ਕੁਮਾਰ ਵਾਸੀ ਮਕਾਨ ਨੰਬਰ 478, ਸੈਕਟਰ 20-ਏ ਚੰਡੀਗੜ੍ਹ, ਉਮਰ ਕਰੀਬ 36 ਸਾਲ, ਮੋਬਾਇਲ ਨੰਬਰ 90233-88479, ਬਿਆਨ ਕੀਤਾ ਹੈ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਮੈਂ ਇਕ ਮੇਲੋਡੀ ਹਾਊਸ ਨਾਮ ਦੀ ਮਿਊਜਿਕ ਕੰਪਨੀ ਉਕਤ ਪਤੇ ਤੇ ਅਰਸਾ ਕਰੀਬ 5 ਸਾਲ ਚਲਾਉਂਦਾ ਹਾਂ। ਮੇਰਾ ਜਾਣਕਾਰ ਦਿਲਪ੍ਰੀਤ ਸਿੰਘ ਢਿਲੋਂ ਵਾਸੀ ਫਲੈਟ ਨੰਬਰ 1201, ਟਾਵਰ 05, ਈਡਨ ਕੋਰਟ, ਸੈਕਟਰ-91 ਮੋਹਾਲੀ ਵਿਖੇ ਰਹਿੰਦਾ ਹੈ। ਅਰਸਾ ਕਰੀਬ 5-6 ਮਹੀਨੇ ਪਹਿਲਾ ਟੀ-ਸਰੀਜ਼ ਕੰਪਨੀ ਵਿਚ ਗਾਣੇ ਦੀ ਰਿਕਾਰਡਿੰਗ ਨੂੰ ਲੈ ਕੇ ਡੀਲ ਕਰਵਾਉਣ ਲਈ ਦਿਲਪ੍ਰੀਤ ਢਿਲੋਂ ਨੇ ਮੇਰੇ ਨਾਲ ਗੱਲਬਾਤ ਕੀਤੀ ਸੀ ਜਿਸਦੀ ਮੈਂ ਟੀ-ਸਰੀਜ਼ ਕੰਪਨੀ ਨਾਲ ਸਿੱਧੀ ਗੱਲ ਕਰਵਾ ਦਿੱਤੀ ਸੀ। ਕੁਝ ਕਾਰਨਾਂ ਕਰਕੇ ਦਿਲਪ੍ਰੀਤ ਢਿਲੋਂ ਦੀ ਟੀ-ਸਰੀਜ਼ ਕੰਪਨੀ ਨਾਲ ਡੀਲ ਸਿਰੇ ਨਹੀ ਚੜੀ। ਕੱਲ ਮਿਤੀ 22-07-2026 ਨੂੰ ਵਕਤ ਕਰੀਬ 11.30 ਪੀ.ਐਮ ਪਰ ਮੈਂ ਆਪਣੇ ਦੋਸਤ ਗੁਰਪ੍ਰੀਤ ਸਿੰਘ ਵਾਸੀ ਫਲੈਟ ਨੰਬਰ 63 ਟਾਵਰ ਨੰਬਰ 4 ਹੋਮਲੈਂਡ ਸੈਕਟਰ 70 ਮੋਹਾਲੀ ਵਿਖੇ ਮਿਲਣ ਗਿਆ ਸੀ। ਜਿੱਥੇ ਗੁਰਪ੍ਰੀਤ ਸਿੰਘ ਅਤੇ ਉਸਦੇ ਨਾਲ ਉਸਦਾ ਦੋਸਤ ਯੁਗ ਵੀ ਘਰੇ ਹਾਜ਼ਰ ਸੀ ਤਾਂ ਅਸੀ ਆਪਸ ਵਿਚ ਬੈਠੇ ਗੱਲਬਾਤਾਂ ਕਰ ਰਹੇ ਸੀ ਤਾਂ ਕੁਝ ਸਮੇਂ ਬਾਅਦ ਦਿਲਪ੍ਰੀਤ ਢਿਲੋਂ ਵੀ ਉਥੇ ਆ ਗਿਆ। ਡੀਲ ਨਾ ਹੋਣ ਕਰਕੇ ਇਸੇ ਰੰਜਿਸ਼ ਕਰਕੇ ਦਿਲਪ੍ਰੀਤ ਢਿਲੋਂ ਮੈਨੂੰ ਉਥੇ ਬੈਠਾ ਦੇਖ ਕੇ ਉਚਾ ਨੀਵਾਂ ਬੋਲਣ ਲੱਗ ਪਿਆ ਅਤੇ ਕਹਿਣ ਲੱਗਾ ਕਿ ਤੂੰ ਮੇਰੀ ਟੀ-ਸਰੀਜ਼ ਕੰਪਨੀ ਵਿਚ ਜਾਂ ਕਿਸੇ ਹੋਰ ਕੰਪਨੀ ਵਿਚ ਡੀਲ ਕਰਵਾ ਮੈਂ 1-2 ਕਰੋੜ ਰੁਪਏ ਦੀ ਗੱਡੀ ਲੈ ਕੇ ਆਪਣੀ ਘਰਵਾਲੀ ਨੂੰ ਦੇਣੀ ਹੈ। ਜਦੋ ਮੈਂ ਆਪਣੀ ਮਜਬੂਰੀ ਜਾਹਿਰ ਕੀਤੀ ਤਾਂ ਉਹ ਮੇਰੇ ਨਾਲ ਹੱਥੋਪਾਈ ਹੋਣ ਲੱਗ ਪਿਆ ਅਤੇ ਮੇਰੀ ਕਾਫੀ ਕੁੱਟ-ਮਾਰ ਕੀਤੀ। ਜਦੋ ਮੈਂ ਆਪਣੀ ਜਾਣ ਬਚਾਉਣ ਲਈ ਬਾਹਰ ਜਾਣ ਲੱਗਾ ਤਾਂ ਇਸਨੇ ਮੈਨੂੰ ਅੱਗੇ ਤੋਂ ਘੇਰ ਕੇ ਮੈਨੂੰ ਗਲਮੇ ਤੋ ਫੜ੍ਹ ਕੇ ਦੂਜੇ ਕਮਰੇ ਵਿਚ ਲੈ ਗਿਆ। ਜਿੱਥੇ ਇਸਨੇ ਮੈਨੂੰ ਜਾਨੋ ਮਾਰਨ ਦੀਆ ਧਮਕੀਆ ਦਿੰਦੇ ਹੋਏ ਮੈਨੂੰ ਕਮਰੇ ਵਿਚ ਥੱਲੇ ਸੁੱਟ ਕੇ ਮੇਰੇ ਵੱਖੀ ਵਿਚ ਕਾਫੀ ਲੱਤਾਂ ਮਾਰੀਆ ਤੇ ਮੇਰੇ ਸਰੀਰ ਤੇ ਹੋਰ ਵੀ ਕਾਫੀ ਸੱਟਾਂ ਮਾਰੀਆ ਅਤੇ ਆਪਣੇ ਡੱਬ




ਵਿਚੋਂ ਪਿਸਟਲ ਕੱਢ ਕੇ ਮੇਰੇ ਵੱਲ ਨੂੰ ਤਾਣ ਕੇ ਵੀ ਮੈਨੂੰ ਜਾਨੋ ਮਾਰਨ ਦੀਆ ਧਮਕੀਆ ਦਿੱਤੀਆ। ਮੇਰੇ ਵਲੋਂ ਉਚੀ ਉਚੀ ਰੋਲਾ ਪਾਉਣ ਤੇ ਮੈਨੂੰ ਗਾਲੀ- ਗਲੋਚ ਕਰਦਾ ਹੋਇਆ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਜਾਨੋ ਮਾਰਨ ਦੀਆ ਧਮਕੀਆ ਦਿੰਦਾ ਹੋਇਆ ਮੌਕੇ ਤੋਂ ਫਰਾਰ ਹੋ ਗਿਆ। ਫਿਰ ਮੈਂ ਆਪਣੇ ਦਰਦਾਂ ਦੀ ਝਾਲ ਨਾ ਝੱਲਦਾ ਹੋਇਆ ਇਲਾਜ ਲਈ ਸਿਵਲ ਹਸਪਤਾਲ ਫੇਸ-6 ਮੋਹਾਲੀ ਚਲਾ ਗਿਆ ਸੀ। ਇਲਾਜ ਤੋਂ ਬਾਅਦ ਮੈਨੂੰ ਡਾਕਟਰ ਸਾਹਿਬ ਨੇ ਅੱਜ ਛੁੱਟੀ ਕਰ ਦਿੱਤੀ ਹੈ। ਜੋ ਮੈਂ ਆਪ ਜੀ ਪਾਸ ਥਾਣਾ ਹਾਜ਼ਰ ਆਇਆ ਹਾਂ। ਮੈਨੂੰ ਅਤੇ ਮੇਰੇ ਪਰਿਵਾਰ ਦਿਲਪ੍ਰੀਤ ਢਿਲੋਂ ਵਲੋਂ ਜਾਨੋ ਮਾਰ ਦੇਣ ਦਾ ਖਤਰਾ ਹੈ। ਕ੍ਰਿਪਾ ਕਰਕੇ ਇਸਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਬਿਆਨ ਲਿਖਾ ਦਿਤਾ ਪੜ੍ਹ ਸੁਣ ਲਿਆ, ਠੀਕ ਹੈ ਜੀ। ਕੇਵਲ ਕੁਮਾਰ ਅਸਿ ਥਾਣਾ ਮਟੋਰ। ਮਿਤੀ:-23-07-2026, ਕਾਰਵਾਈ ਪੁਲਿਸ:- ਅੱਜ ਏ.ਐਸ.ਆਈ ਸਮੇਤ ਹੌਲਦਾਰ ਸਤਵਿੰਦਰ ਸਿੰਘ ਨੰਬਰ 1245/ਐਸ.ਏ.ਐਸ ਨਗਰ ਥਾਣਾ ਹਾਜ਼ਰ ਸੀ ਤਾ ਰੇਅਮੰਤ ਮਰਵਾਹਾ ਉਕਤ ਨੇ ਥਾਣਾ ਹਾਜ਼ਰ ਆ ਕੇ ਆਪਣਾ ਉਕਤ ਬਿਆਨ ਤਹਿਰੀਰ ਕਰਵਾਇਆ। ਜਿਸਨੂੰ ਲਿਖਾ ਜਾਕਰ ਪੜ੍ਹ ਕਰ ਸੁਣਾਇਆ ਗਿਆ। ਜਿਸਨੇ ਆਪਣੇ ਬਿਆਨ ਨੂੰ ਪੜ੍ਹ ਕੇ ਅਤੇ ਸਹੀ ਮੰਨ ਕੇ ਆਪਣੇ ਬਿਆਨ ਹੇਠ ਅੰਗਰੇਜ਼ੀ ਵਿਚ ਦਸਤਖਤ ਕੀਤੇ। ਜਿਸਦੀ ਮਨ ਏ.ਐਸ.ਆਈ ਨੇ ਤਸਦੀਕ ਕੀਤੀ। ਬਿਆਨਬਾਲਾ ਤੋ ਸਰੇਦਸਤ ਸੂਰਤ ਜੁਰਮ 115(2), 126(2), 351(2), ਬੀ.ਐਨ.ਐਸ. ਅਤੇ 25/27-54-59 ਅਸਲਾ ਐਕਟ ਦਾ ਹੋਣਾ ਪਾਇਆ ਜਾਂਦਾ ਹੈ। ਲਿਹਾਜਾ ਬਰਾਏ ਦਾਇਰੀ ਮੁਕੱਦਮਾ ਬਾ ਜੁਰਮ ਉਕਤ ਬਰਖਿਲਾਫ ਦਿਲਪ੍ਰੀਤ ਸਿੰਘ ਢਿਲੋਂ ਵਾਸੀ ਫਲੈਟ ਨੰਬਰ 1201, ਟਾਵਰ 05, ਈਡਨ ਕੋਰਟ, ਸੈਕਟਰ-91 ਮੋਹਾਲੀ ਦਰਜ ਰਜਿਸਟਰ ਕਰਵਾਉਣ ਲਈ ਹਵਾਲੇ ਮੁੱਖ ਮੁਨਸ਼ੀ ਦੇ ਕੀਤਾ ਗਿਆ।

## ਅੰਮ੍ਰਿਤਸਰ ਪੁਲਿਸ ਨੇ 6.5 ਕਿਲੋ ਹੈਰੋਇਨ ਸਮੇਤ 3 ਮੁਲਜ਼ਮ ਕੀਤੇ ਕਾਬੂ




**ਅੰਮ੍ਰਿਤਸਰ :** ਅੰਮ੍ਰਿਤਸਰ ਦਿਹਾਤੀ ਪੁਲਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਦੋ ਨੈੱਟਵਰਕਾਂ ਦਾ ਪਰਦਾਫਾਸ਼ ਕਰਕੇ, ਦੋ ਵੱਖ-ਵੱਖ ਕਾਰਵਾਈਆਂ ਵਿੱਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ । ਮੁਲਜ਼ਮਾਂ ਕੋਲੋਂ 6.582 ਕਿਲੋਗ੍ਰਾਮ ਹੈਰੋਇਨ ਸਮੇਤ 9.90 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਦੀ ਜਾਣਕਾਰੀ ਪੰਜਾਬ ਡੀ. ਜੀ. ਪੀ. ਗੌਰਵ ਯਾਦਵ ਨੇ ਟਵੀਟ ਕਰਕੇ ਸਾਂਝੀ ਕੀਤੀ ਹੈ। ਡੀ. ਜੀ. ਪੀ. ਨੇ ਦੱਸਿਆ ਪੁਲਸ ਨੇ ਮੁਲਜ਼ਮਾਂ ਖਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਪੁਲਸ ਸਟੇਸ਼ਨ ਅਜਨਾਲਾ ਅਤੇ ਬਿਆਸ, ਅੰਮ੍ਰਿਤਸਰ ਵਿਖੇ ਵੱਖ-ਵੱਖ ਐਫ.ਆਈ.ਆਰਜ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਮੁਲਜ਼ਮਾਂ ਦੇ ਅਗਲੇ ਅਤੇ ਪਿਛਲੇ ਸਬੰਧ ਸਥਾਪਤ ਕਰਨ, ਸ਼ਾਮਲ ਸਾਰੇ ਸਹਿਯੋਗੀਆਂ ਦੀ ਪਛਾਣ ਕਰਨ ਅਤੇ ਪੂਰੀ ਸਪਲਾਈ ਲੜੀ ਨੂੰ ਖਤਮ ਕਰਨ ਲਈ ਜਾਂਚ ਜਾਰੀ ਹੈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਰਕਾਰੀ ਪ੍ਰਾਇਮਰੀ ਸਕੂਲ ਗੋਂਦਵਾਲ ਵਿਖੇ ਬੱਚਿਆਂ ਨੂੰ 'ਬਰਡ ਫੀਡਰ ਬਣਾਉਣ ਦੀ ਦਿੱਤੀ ਸਿਖਲਾਈ

## ਪ੍ਰਥਮ ਜ਼ਿਲ੍ਹਾ ਸਹਾਇਕ ਕੌਆਰਡੀਨੇਟਰ ਮਨਪ੍ਰੀਤ ਕੌਰ ਰੁੜਕਾਂ ਕਲਾਂ ਨੇ ਵਿਸ਼ੇਸ਼ ਤੌਰ ਤੇ ਦਿੱਤੀ ਸਿਖਲਾਈ

**ਰਾਏਕੋਟ, 22 ਜੁਲਾਈ ( ਗੁਰਭਿੰਦਰ ਗੁਰੀ )** : ਸਰਕਾਰੀ ਪ੍ਰਾਇਮਰੀ ਸਕੂਲ ਗੋਂਦਵਾਲ ਦੇ ਮੁੱਖ ਅਧਿਆਪਕਾ ਕਮਲਪ੍ਰੀਤ ਕੌਰ ਅਤੇ ਪ੍ਰਥਮ ਜ਼ਿਲਾ ਸਹਾਇਕ ਕੌਆਰਡੀਨੇਟਰ ਮਨਪ੍ਰੀਤ ਕੌਰ ਰੁੜਕਾਂ ਕਲਾਂ ਦੀ ਅਗਵਾਈ ਹੇਠ ਇਕ ਸ਼ਾਨਦਾਰ ਮਹੀਨਾਵਾਰ ਈਵੈਂਟ ਦਾ ਆਯੋਜਨ ਕੀਤਾ ਗਿਆ। ਇਸ ਮਹੀਨੇ ਦੀ ਗਤੀਵਿਧੀ ਦਾ ਮੁੱਖ ਉਦੇਸ਼ ਬੱਚਿਆਂ ਨੂੰ ਕੁਦਰਤ ਅਤੇ ਜੀਵ-ਜੰਤੂਆਂ ਨਾਲ ਪਿਆਰ ਕਰਨਾ ਸਿਖਾਉਣਾ ਸੀ। ਇਸ ਈਵੈਂਟ ਦੌਰਾਨ ਬੱਚਿਆਂ ਨੂੰ ਕੌਆਰਡੀਨੇਟਰ ਮਨਪ੍ਰੀਤ ਕੌਰ ਵੱਲੋਂ ਬੇਜ਼ੁਬਾਨ ਪੰਛੀਆਂ ਲਈ 'ਬਰਡ ਫੀਡਰ' (ਦਾਣਾ-ਪਾਣੀ ਰੱਖਣ ਵਾਲੇ ਬਰਤਨ) ਬਣਾਉਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਬੱਚਿਆਂ ਨੂੰ ਜਾਗਰੂਕ ਕੀਤਾ ਕਿ ਬਦਲਦੇ ਮੌਸਮ 'ਚ ਪੰਛੀਆਂ ਦੀ ਦੇਖਭਾਲ ਕਰਨਾ ਅਤੇ ਉਨ੍ਹਾਂ ਲਈ ਦਾਣੇ-ਪਾਣੀ ਦਾ ਪ੍ਰਬੰਧ ਕਰਨਾ ਸਾਡੀ ਅਹਿਮ ਜ਼ਿੰਮੇਵਾਰੀ ਹੈ।



ਕੂੜੇ-ਕਰਕਟ ਅਤੇ ਵਾਧੂ ਸਾਮਾਨ (ਵੇਸਟ ਮਟੀਰੀਅਲ) ਦੀ ਸੁਚੱਜੀ ਵਰਤੋਂ ਕਰਦਿਆਂ ਬੱਚਿਆਂ ਨੂੰ ਪੁਰਾਣੀਆਂ ਪਲਾਸਟਿਕ ਦੀਆਂ ਬੋਤਲਾਂ, ਗੱਤੇ ਦੇ ਡੱਬਿਆਂ ਅਤੇ ਘਰ ਦੇ ਹੋਰ ਵਾਧੂ ਸਾਮਾਨ ਦੀ ਵਰਤੋਂ ਕਰਕੇ ਸੁੰਦਰ ਬਰਡ ਫੀਡਰ ਬਣਾਉਣੇ ਸਿਖਾਏ ਗਏ। ਸਕੂਲ ਦੇ ਵਿਦਿਆਰਥੀਆਂ ਨੇ ਇਸ ਪ੍ਰੈਕਟੀਕਲ ਗਤੀਵਿਧੀ 'ਚ ਬਹੁਤ ਹੀ ਉਤਸ਼ਾਹ ਅਤੇ ਲਗਨ ਨਾਲ ਹਿੱਸਾ ਲਿਆ ਅਤੇ ਆਪਣੇ ਹੱਥਾਂ ਨਾਲ ਫੀਡਰ ਤਿਆਰ ਕੀਤੇ। ਇਸ ਮੌਕੇ ਮੁੱਖ ਅਧਿਆਪਕਾ ਕਮਲਪ੍ਰੀਤ ਕੌਰ ਨੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਨ੍ਹਾਂ ਬਰਡ ਫੀਡਰਾਂ 'ਚ ਰੋਜ਼ਾਨਾ ਦਾਣਾ-ਪਾਣੀ ਪਾ ਕੇ ਆਪਣੇ ਘਰਾਂ ਦੀਆਂ ਛੱਤਾਂ, ਦਰੱਖਤਾਂ ਜਾਂ ਵਿਹੜੇ 'ਚ ਲਗਾਉਣ। ਅੰਤ 'ਚ, ਸਕੂਲ ਦੇ ਸਟਾਫ਼ ਨੇ ਬੱਚਿਆਂ ਦੀ ਮਿਹਨਤ' ਅਤੇ ਰਚਨਾਤਮਕਤਾ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ। ਇਸ ਮੌਕੇ ਅਧਿਆਪਕ ਜਗਦੀਪ ਕੌਰ, ਨੀਰਾ ਭਨੋਟ, ਦੀਪਿੰਦਰ ਕੌਰ, ਅਮਨਦੀਪ ਕੌਰ ਆਦਿ ਹਾਜ਼ਰ ਸਨ। ਕੈਪਸ਼ਨ :- ਬੱਚਿਆਂ ਨੂੰ ਬਰਡ ਫੀਡਰ ਬਣਾਉਣ ਦੀ ਸਿਖਲਾਈ ਦੇਣ ਤੋਂ ਬਾਅਦ ਪ੍ਰਥਮ ਜ਼ਿਲ੍ਹਾ ਸਹਾਇਕ ਕੌਆਰਡੀਨੇਟਰ ਮਨਪ੍ਰੀਤ ਕੌਰ ਰੁੜਕਾਂ ਕਲਾਂ, ਮੁੱਖ ਅਧਿਆਪਕਾ ਕਮਲਪ੍ਰੀਤ ਕੌਰ ਅਤੇ ਸਮੂਹ ਸਟਾਫ਼।

# ਕਾਠਗੜ੍ਹ ਦੀ ਕਈ ਪਿੰਡਾਂ ਨੂੰ ਜਾਣ ਵਾਲੀ ਸੜਕ ਬਣੀ ਛੱਪੜ ਦਾ ਰੂਪ ਘਰਾਂ ਅਤੇ ਮੀਹ ਦਾ ਪਾਣੀ ਹੋਇਆ ਇਕੱਠਾ ਘਰਾਂ ਚ ਵੜਿਆ ਪਾਣੀ





**ਬਲਾਚੌਰ /ਕਾਠਗੜ੍ਹ, 23 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਕਾਠਗੜ੍ਹ ਤੋਂ ਹਾਈਵੇ ਮਾਰਗ ਨੂੰ ਜਾਂਦੀ ਮੁੱਖ ਸੜਕ ਉੱਤੇ ਸਥਿਤ ਪਿੰਡ ਚਾਹਲਾਂ ਦੇ ਸ਼ਿਵ ਮੰਦਿਰ ਨੇੜੇ ਘਰਾਂ ਵਿੱਚ ਅੱਜ ਮੀਂਹ ਦਾ ਪਾਣੀ ਦਾਖਲ ਹੋਣ ਨਾਲ ਲੋਕਾਂ ਦੇ ਘਰਾਂ ਦਾ ਸਮਾਨ ਖਰਾਬ ਹੋ ਗਿਆ। ਘਰ ਵਿੱਚ ਦਾਖਲ ਹੋਏ ਪਾਣੀ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਹੇ ਨਿੰਦਰ ਕੁਮਾਰ ਨੇ ਦੱਸਿਆ ਕਿ ਘਰਾਂ ਅਤੇ ਮੀਂਹ ਦੇ ਗੰਦੇ ਪਾਣੀ ਦੀ ਨਿਕਾਸੀ ਅੱਗੇ ਬੰਦ ਹੋਣ ਕਾਰਨ ਇਹ ਪਾਣੀ ਜਿੱਥੇ ਮਾਰਗ ਉੱਤੇ ਜਮਾਂ ਹੋ ਰਿਹਾ ਹੈ ਉਥੇ ਹੀ ਅੱਜ ਉਹਨਾਂ ਦੇ ਘਰਾਂ ਅੰਦਰ ਦਾਖਲ ਹੋ ਗਿਆ। ਉਹਨਾਂ ਦੱਸਿਆ ਕਿ ਪਹਿਲਾਂ ਗੰਦਾ ਪਾਣੀ ਇੱਕ ਪੁਲੀ ਰਾਹੀਂ ਹੁੰਦਾ ਹੋਇਆ ਸ਼ਿਵ ਮੰਦਿਰ ਵਾਲੇ ਪਾਸੇ ਇੱਕ ਚੋਅ ਵਿੱਚ ਜਾਂਦਾ ਸੀ ਪ੍ਰੰਤੂ ਹੁਣ ਬਣਾਈ ਜਾ ਰਹੀ ਸੜਕ ਕਾਰਨ ਪਾਣੀ ਦਾ ਨਿਕਾਸ ਅੱਗੇ ਬੰਦ ਹੋ ਗਿਆ ਹੈ ਜਿਸ ਕਾਰਨ ਘਰਾਂ, ਦੁਕਾਨਾਂ ਅਤੇ ਮੀਂਹ ਦਾ ਪਾਣੀ ਸੜਕ ਉੱਤੇ ਜਮਾਂ ਹੋਣ ਦੇ ਨਾਲ-ਨਾਲ ਘਰਾਂ ਵਿੱਚ ਵੀ ਦਾਖਲ ਹੋਣ ਲੱਗ ਪਿਆ ਹੈ। ਨਿੰਦਰ ਕੁਮਾਰ ਨੇ ਦੱਸਿਆ ਕਿ ਸੜਕ ਬਣਾਉਣ ਵਾਲੇ ਵਿਭਾਗ ਵੱਲੋਂ ਇਸ ਗੰਦੇ ਪਾਣੀ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਲੋਕਾਂ ਨੇ ਮੰਗ ਕੀਤੀ ਕਿ ਪਾਣੀ ਦਾ ਸਹੀ ਨਿਕਾਸ ਕੀਤਾ ਜਾਵੇ ਤਾਂ ਜੋ ਉਹਨਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਸੰਮਤੀ ਮੈਂਬਰ ਦੇਸ-ਰਾਜ ਹੱਕਲਾ ਅਤੇ ਦੁਕਾਨਦਾਰਾਂ ਨੇ ਮਾਰਗ ਵਿੱਚ ਜਮਾਂ ਪਾਣੀ ਨੂੰ ਦਿਖਾਉਂਦੇ ਹੋਏ ਦੱਸਿਆ ਕਿ ਜਦੋਂ ਵੀ ਕੋਈ ਸੜਕ ਬਣਾਈ ਜਾਂਦੀ ਹੈ ਤਾਂ ਸੰਬੰਧਿਤ ਵਿਭਾਗ ਨੂੰ ਪਾਣੀ ਦੇ ਨਿਕਾਸ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਰਾਹਗੀਰ, ਵਾਹਨ ਚਾਲਕ ਤੇ ਵਸਨੀਕ ਪਰੇਸ਼ਾਨ ਨਾ ਹੋਣ।

# ਅਮਨਜੀਤ ਸਿੰਘ ਖਹਿਰਾ ਨਾਲ ਦੁੱਖ ਦਾ ਪ੍ਰਗਟਾਵਾ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇੰਗਲੈਂਡ ਤੋਂ ਛਪਦੇ ਪੰਜਾਬੀ ਅਖਬਾਰ ਜਨ ਸ਼ਕਤੀ ਦੇ ਮੁੱਖ ਸੰਪਾਦਕ ਸ੍: ਅਮਨਜੀਤ ਸਿੰਘ ਖਹਿਰਾ ਦੇ ਸਤਿਕਾਰਯੋਗ ਮਾਤਾ ਜਥੇਦਾਰਨੀ ਹਰਪਾਲ ਕੌਰ ਪਤਨੀ ਜਥੇਦਾਰ ਸੁਖਦੇਵ ਸਿੰਘ ਖਹਿਰਾ ਲੋਧੀਵਾਲਾ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨਾਲ ਅੱਜ ਸ੍: ਕਰਨੈਲ ਸਿੰਘ ਐੱਮ.ਏ. ਪੱਤਰਕਾਰ ਅਕਾਲੀ ਪੱਤ੍ਰਿਕਾ, ਚੜ੍ਹਦੀ ਕਲਾ, ਸ੍: ਦਲਜੀਤ ਸਿੰਘ ਰੰਧਾਵਾ ਪੱਤਰਕਾਰ ਸਪੋਕਸਮੈਨ, ਭਾਈ ਪਰਮਿੰਦਰ ਸਿੰਘ ਜੀ ਗਿੱਦੜਵਿੰਡੀ ਸੂਬਾ ਪ੍ਰਧਾਨ ਖਾਲਸਾ ਗੁਰਮਤਿ ਗੁੰਥੀ ਸਭਾ, ਜਥੇਦਾਰ ਸੁਖਦੇਵ ਸਿੰਘ ਰਕਬਾ ਟਕਸਾਲੀ ਅਕਾਲੀ ਆਗੂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ । ਇਸ ਮੌਕੇ ਉਹਨਾਂ ਨਾਲ ਮਾਤਾ ਹਰਪਾਲ ਕੌਰ ਜੀ ਦੀ ਜੀਵਨ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ । ਉਹਨਾਂ ਦੱਸਿਆ ਕਿ ਮਾਤਾ ਜੀ ਪੂਰਨ ਨਿੱਤਨੇਮੀ ਸਨ। ਗਰੀਬਾਂ, ਲੋੜਵੰਦਾਂ ਦੇ ਹਮਦਰਦੀ ਸਨ । ਉਹਨਾਂ ਦਰ ਆਏ ਲੋੜਵੰਦ ਪਰਿਵਾਰਾਂ ਦੀ ਤਨ ਮਨ ਤੇ ਧਨ ਨਾਲ ਸੇਵਾ ਕੀਤੀ । ਅਮਨਜੀਤ ਸਿੰਘ ਖਹਿਰਾ ਮੁੱਖ ਸੰਪਾਦਕ ਜਨ ਸ਼ਕਤੀ ਨੇ ਦੱਸਿਆ ਕਿ ਮਾਤਾ ਹਰਪਾਲ ਕੌਰ ਜੀ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ 26 ਜੁਲਾਈ ਦਿਨ ਐਤਵਾਰ ਨੂੰ ਗੁਰਦੁਆਰਾ ਬਾਉਲੀ ਸਾਹਿਬ ਪਿੰਡ ਸੋਢੀਵਾਲ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗਾ ।

# ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਵੱਲੋਂ ਬਰਨਾਲਾ ਵਿਖੇ ਸਫ਼ਾਈ ਕਰਮੀਆਂ ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਹਲਕਾ ਸੈਂਟਰਲ ਵਿਖੇ ਮੁੱਖ ਮੰਤਰੀ ਦਾ ਪੁਤਲਾ ਫੂਕ ਪ੍ਰਦਰਸ਼ਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਸ਼੍ਰੋਮਣੀ ਅਕਾਲੀ ਦਲ ਹਲਕਾ ਸੈਂਟਰਲ ਇਸਤਰੀ ਵਿੰਗ ਵੱਲੋਂ ਬੀਤੇ ਦਿਨੀਂ ਬਰਨਾਲਾ ਵਿਖੇ ਹੋਏ ਪੰਜਾਬ ਸਰਕਾਰ ਦੇ ਹੁਕਮਾਂ ਤੇ ਉਥੋਂ ਦੀ ਪੁਲਿਸ ਨੇ ਨਗਰ ਨਿਗਮ ਬਰਨਾਲਾ ਦੀਆਂ ਸਫ਼ਾਈ ਕਰਮਚਾਰੀ ਮਹਿਲਾਵਾਂ ਦੀ ਜੋ ਸ਼ਰੇਆਮ ਕੁੱਟਮਾਰ ਹੋਈ ਦੀ ਨਿਖੇਧੀ ਕੀਤੀ ਅਤੇ ਘਟਨਾ ਨੂੰ ਸ਼ਰਮਨਾਕ ਅਤੇ ਨਿੰਦਣਯੋਗ ਦੱਸਿਆ । ਜਿਸਦੇ ਵਿਰੋਧ ਵਜੋਂ ਅੱਜ ਬਾਬਾ ਥਾਨ ਸਿੰਘ ਚੌਕ ਤੇ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਗਿਆ । ਇਸ ਮੌਕੇ ਇਸਤਰੀ ਵਿੰਗ ਦੇ ਬੁਲਾਰਿਆਂ ਨੇ ਦੱਸਿਆ ਕਿ ਇਸ ਜੁਲਮ ਦਾ



ਜਵਾਬ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਜਨਤਾ ਦੇਵੇਗੀ । ਇਸ ਮੌਕੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਮਿਤ ਗੋਸਾਈਂ, ਇਸਤਰੀ ਵਿੰਗ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਸਿਬੀਆ, ਸਰਕਲ ਪ੍ਰਧਾਨ ਭਗਤ ਮੁੰਨਾ, ਕਵਲਜੀਤ ਸਿੰਘ, ਸ਼ਬਨਮ ਧਿੰਗਾਂਨ, ਦਰਸ਼ਨਾਂ ਰਾਣੀ, ਜਸਬੀਰ ਕੌਰ, ਸ਼ੰਮੀ ਜੀ, ਪਰਮਿੰਦਰ ਕੌਰ, ਸਰੋਜ, ਪੂਨਮ, ਸੁਰਿੰਦਰ ਕੌਰ, ਗੁਰਦੀਪ ਕੌਰ, ਕੁਲਦੀਪ ਕੌਰ, ਆਂਚਲ , ਮਹਿੰਦਰ ਸਿੰਘ, ਸਿਮਰ ਆਹੂਜਾ ਆਦਿ ਮੌਜੂਦ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਰਨਾਲਾ ਵਿਖੇ ਸਫਾਈ ਕਰਮਚਾਰੀਆਂ ’ਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਜਬਰਦਸਤ ਤਸ਼ੱਦਦ ਦੀ ਕਾਂਗਰਸ ਵੱਲੋਂ ਸਖ਼ਤ ਨਿੰਦਾ; ਚੇਅਰਮੈਨ ਜਿੰਦਰ ਦੀ ਅਗਵਾਈ ਹੇਠ ਬਲਾਚੌਰ ਵਿਖੇ ਰੋਸ ਪ੍ਰਦਰਸ਼ਨ

**ਬਲਾਚੌਰ, 23 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):**ਬਰਨਾਲਾ ਵਿਖੇ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਸ਼ਾਂਤਮਈ ਧਰਨਾ ਦੇ ਰਹੇ ਸਫਾਈ ਕਰਮਚਾਰੀਆਂ ’ਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਅਣਮਨੁੱਖੀ ਲਾਠੀਚਾਰਜ ਅਤੇ ਅੱਤਿਆਚਾਰ ਦੀ ਅੱਜ ਪਿੰਡ ਰੈਲ ਮਾਜਰਾ ਵਿਖੇ ਹੋਈ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਇਸ ਮੀਟਿੰਗ ਦੀ ਅਗਵਾਈ ਜਿੰਦਰ, ਚੇਅਰਮੈਨ ਐਸ.ਸੀ. ਸੈੱਲ ਕਾਂਗਰਸ ਪਾਰਟੀ, ਬਲਾਕ ਬਲਾਚੌਰ ਨੇ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਜਿੰਦਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ਼ਾਰੇ ’ਤੇ ਪੰਜਾਬ ਪੁਲਿਸ ਵੱਲੋਂ ਸਫਾਈ ਕਰਮਚਾਰੀਆਂ ’ਤੇ ਕੀਤਾ ਗਿਆ ਇਹ ਤਸ਼ੱਦਦ ਬਿਲਕੁਲ ਨਾਸਹਿਣਯੋਗ ਹੈ। ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀ ਪੂਰੇ ਪੰਜਾਬ ਦੀ ਗੰਦਗੀ ਆਪਣੇ ਸਿਰ ’ਤੇ ਢੋਣ ਲਈ ਮਜਬੂਰ ਹਨ, ਪਰ ਬਦਲੇ ਵਿਚ ਉਨ੍ਹਾਂ ਨੂੰ ਸਿਰਫ਼ ਲਾਠੀਆਂ ਮਿਲ ਰਹੀਆਂ ਹਨ। ਸਰਕਾਰ ਇਨ੍ਹਾਂ ਵਰਕਰਾਂ ਨੂੰ ਨਾ ਸੇਫਟੀ ਕਿੱਟਾਂ, ਨਾ ਸੇਫਟੀ ਬੂਟ ਅਤੇ ਨਾ ਹੀ ਸੇਫਟੀ ਹੈਲਮੇਟ ਮੁਹੱਈਆ ਕਰਵਾ ਰਹੀ ਹੈ, ਜਿਸ ਕਾਰਨ ਕਈ ਵਾਰ ਸਫਾਈ ਮਜ਼ਦੂਰਾਂ ਨੂੰ ਸੀਵਰੇਜ ਵਿੱਚ ਆਪਣੀ ਜਾਨ ਗਵਾਉਣੀ ਪੈਂਦੀ ਹੈ। ਚੇਅਰਮੈਨ ਜਿੰਦਰ ਨੇ ਪੰਜਾਬ ਸਰਕਾਰ ਦੀ ਦੋਗਲੀ ਨੀਤੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਇਹ ਸਰਕਾਰ ਦਿੱਲੀ ਵਿੱਚ ਭਾਜਪਾ ਸਰਕਾਰ ਵੱਲੋਂ ਬੱਚਿਆਂ ’ਤੇ ਜ਼ੁਲਮ ਕਰਨ ਦਾ ਦਿਖਾਵਾ ਕਰਦੀ ਹੈ, ਪਰ ਦੂਜੇ ਪਾਸੇ ਬਰਨਾਲਾ ਵਿਖੇ ਸੂਬੇ ਦੀਆਂ ਔਰਤਾਂ, ਬਜ਼ੁਰਗਾਂ ਅਤੇ ਨੌਜਵਾਨਾਂ ’ਤੇ ਪੁਲਿਸ ਦਾ ਜਬਰ ਢਾਹ ਰਹੀ ਹੈ, ਜੋ ਕਿ ਬਹੁਤ ਸ਼ਰਮਨਾਕ ਘਟਨਾ ਹੈ।



ਇਸ ਮੌਕੇ ਕਮਲਜੀਤ ਬੰਗਾ, ਪ੍ਰਧਾਨ ਕਿਸਾਨ ਕਾਂਗਰਸ ਨੇ ਮੰਗ ਕੀਤੀ ਕਿ ਜਿਨ੍ਹਾਂ ਪੁਲਿਸ ਅਫਸਰਾਂ ਨੇ ਇਹ ਜ਼ੁਲਮ ਕੀਤਾ ਹੈ, ਉਨ੍ਹਾਂ ਖਿਲਾਫ ਤੁਰੰਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਪ੍ਰਧਾਨ ਸੁਰਿੰਦਰ ਛਿੰਦਾ ਨੇ ਵੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਲਾਠੀਚਾਰਜ ਦੇ ਜ਼ਿੰਮੇਵਾਰ ਪੁਲਿਸ ਕਰਮਚਾਰੀਆਂ ’ਤੇ ਕੋਈ ਐਕਸ਼ਨ ਨਾ ਲਿਆ ਗਿਆ ਤਾਂ ਕਾਂਗਰਸ ਪਾਰਟੀ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਅਰਜੁਨ ਸਿੰਘ ਨੇ ਵੀ ਪੰਜਾਬ ਸਰਕਾਰ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਜੇਕਰ ਸਫਾਈ ਕਰਮਚਾਰੀਆਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਾ ਦਿੱਤੇ ਗਏ ਤਾਂ ਕਾਂਗਰਸੀ ਵਰਕਰ ਸੜਕਾਂ ’ਤੇ ਉਤਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮਦਾਸ (ਬਲਾਕ ਪ੍ਰਧਾਨ), ਰਮੇਸ਼ ਅਤਰੀ, ਸੁਰਿੰਦਰ ਕੁਮਾਰ, ਰਾਜ ਕੁਮਾਰ, ਜਤੰਗਾਰ ਖਾਨ, ਬਲਦੇਵ ਰਾਜ ਭੋਲੇਵਾਲ, ਸੰਜੀਵ ਕੁਮਾਰ ਪ੍ਰੇਮ ਨਗਰ, ਅਵਤਾਰ ਸਿੰਘ, ਰਕੇਸ਼ ਕੁਮਾਰ, ਸੋਨੂੰ ਮਾਣੇਵਾਲ ਅਤੇ ਪਰਮਜੀਤ ਪੰਮਾ ਨੇ ਵੀ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੀ ਜ਼ੋਰਦਾਰ ਨਿੰਦਾ ਕੀਤੀ।

ਸਮੂਹ ਆਗੂਆਂ ਨੇ ਮੰਗ ਕੀਤੀ ਕਿ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਨੂੰ ਜਲਦ ਤੋਂ ਜਲਦ ਮੰਨਿਆ ਜਾਵੇ ਅਤੇ ਲਾਠੀਚਾਰਜ ਦੇ ਦੋਸ਼ੀਆਂ ’ਤੇ ਸਖ਼ਤ ਐਕਸ਼ਨ ਲਿਆ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਦੇ ਵਰਕਰ ਇਲਾਕੇ ਦੇ ਵਿਧਾਇਕਾਂ ਅਤੇ ਮੰਤਰੀਆਂ ਦਾ ਕਾਲੇ ਝੰਡਿਆਂ ਨਾਲ ਸਵਾਗਤ ਕਰਨਗੇ।

# ਆਈ ਡੀ ਪੀ ਡੀ ਵੱਲੋਂ ਵਿਦਿਆਰਥੀਆਂ ’ਤੇ ਬੇਰਹਿਮ ਪੁਲਿਸ ਹਮਲੇ ਦੀ ਨਿੰਦਾ

## ਪੈਲਟ ਗਨਾਂ ’ਤੇ ਪਾਬੰਦੀ ਦੀ ਮੰਗ

**ਲੁਧਿਆਣਾ 23 ਜੂਲਾਈ (ਕਰਨੈਲ ਸਿੰਘ ਐੱਮ.ਏ.)** ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ), ਜੋ ਕਿ ਆਈ ਪੀ ਪੀ ਐਨ ਡਬਲਯੂ ਦੀ ਭਾਰਤੀ ਸੰਬੰਧਿਤ ਸੰਸਥਾ ਹੈ, 20 ਜੁਲਾਈ ਨੂੰ ਸੰਸਦ ਮਾਰਚ ਦੌਰਾਨ ਵਿਦਿਆਰਥੀਆਂ ’ਤੇ ਕੀਤੇ ਗਏ ਬੇਰਹਿਮ ਪੁਲਿਸ ਹਮਲੇ ਦੀ ਤਿੱਖੀ ਨਿੰਦਾ ਕਰਦੀ ਹੈ। ਪੈਲਟ ਗਨਾਂ ਦੀ ਵਰਤੋਂ, ਬਿਜਲੀ ਦੇ ਝਟਕੇ ਵਾਲੀਆਂ ਲਾਠੀਆਂ (ਸ਼ਾਕ ਬੈਟਨ), ਅੰਨ੍ਹੇਵਾਹ ਲਾਠੀਚਾਰਜ ਅਤੇ ਮਹਿਲਾ ਵਿਦਿਆਰਥਣਾਂ ਨਾਲ ਕਥਿਤ ਤੌਰ ’ਤੇ ਕੀਤੀ ਗਈ ਹਿੰਸਾ ਲੋਕਤਾਂਤ੍ਰਿਕ ਅਧਿਕਾਰਾਂ ਅਤੇ ਮਨੁੱਖੀ ਮਰਿਆਦਾ ’ਤੇ ਗੰਭੀਰ ਹਮਲਾ ਹੈ।

ਪੈਲਟ ਗਨਾਂ ਭੀੜ ਨਿਯੰਤਰਣ ਦੇ ਸਾਧਨ ਨਹੀਂ, ਸਗੋਂ ਸਰੀਰ ਨੂੰ ਅਪਾਹਜ ਬਣਾਉਣ ਵਾਲੇ ਹਥਿਆਰ ਹਨ। ਸ੍ਰੀਨਗਰ ਵਿੱਚ ਨਾਗਰਿਕਾਂ ਖ਼ਿਲਾਫ਼ ਵਿਆਪਕ ਤੌਰ ’ਤੇ ਵਰਤੀਆਂ ਗਈਆਂ ਇਹ ਗਨਾਂ ਸਥਾਈ ਅੰਨ੍ਹਾਪਣ, ਅੱਖਾਂ ਦੀਆਂ ਭਿਆਨਕ ਚੋਟਾਂ, ਚਿਹਰੇ ਦੀਆਂ ਹੱਡੀਆਂ ਦੇ ਟੁੱਟਣ, ਅੰਦਰ ਤੱਕ ਘੁੱਸਣ ਵਾਲੇ ਜ਼ਖ਼ਮ, ਅਪਾਹਜਤਾ ਅਤੇ ਜ਼ਿੰਦਗੀ ਭਰ ਦੇ ਮਨੋਵਿਗਿਆਨਕ ਸਦਮੇ ਦਾ ਕਾਰਨ ਬਣੀਆਂ ਹਨ। ਨਿਹੱਥੇ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਇਨ੍ਹਾਂ ਦੀ ਵਰਤੋਂ ਡਾਕਟਰੀ ਪੱਖੋਂ ਕਦੇ ਵੀ ਜਾਇਜ਼ ਨਹੀਂ ਠਹਿਰਾਈ ਜਾ ਸਕਦੀ ਅਤੇ ਇਹ ਸੰਯੁਕਤ ਰਾਸ਼ਟਰ ਦੇ ਬਲ ਅਤੇ ਅਗਨਿਆਸਤ੍ਰਾਂ ਦੀ ਵਰਤੋਂ ਬਾਰੇ ਬੁਨਿਆਦੀ ਸਿਧਾਂਤ (1990) ਅਤੇ ਕਾਨੂੰਨ ਲਾਗੂ ਕਰਨ ਦੌਰਾਨ ਘੱਟ-ਘਾਤਕ ਹਥਿਆਰਾਂ ਬਾਰੇ ਸੰਯੁਕਤ ਰਾਸ਼ਟਰ ਮਾਰਗਦਰਸ਼ਨ (2020) ਦੀ ਉਲੰਘਣਾ ਹੈ, ਜੋ ਅੰਨ੍ਹੇਵਾਹ ਅਤੇ ਅਸੰਗਤ ਬਲ ਦੀ ਵਰਤੋਂ ’ਤੇ ਰੋਕ ਲਗਾਉਂਦੇ ਹਨ।ਸ਼ਾਕ ਬੈਟਨਾਂ ਦੀ ਵਰਤੋਂ ਦੀਆਂ ਰਿਪੋਰਟਾਂ ਵੀ ਬਹੁਤ ਚਿੰਤਾਜਨਕ ਹਨ। ਅਜਿਹੇ ਹਥਿਆਰ ਦਿਲ ਦੀ ਧੜਕਣ ਵਿੱਚ ਗੜਬੜ (ਕਾਰਡਿਅਕ ਅਰਿਥਮੀਆ), ਸੜਨ ਵਾਲੀਆਂ ਚੋਟਾਂ, ਨਰਵਸ ਪ੍ਰਣਾਲੀ ਨਾਲ ਸੰਬੰਧਿਤ ਜਟਿਲਤਾਵਾਂ, ਡਿੱਗਣ ਕਾਰਨ ਹੱਡੀਆਂ ਟੁੱਟਣ ਅਤੇ ਡੂੰਘੇ ਮਨੋਵਿਗਿਆਨਕ ਨੁਕਸਾਨ ਦਾ ਕਾਰਨ ਬਣ ਸਕਦੇ ਹਨ। ਵਿਦਿਆਰਥੀਆਂ ਖ਼ਿਲਾਫ਼ ਫੌਜੀ ਢੰਗ ਦੇ ਹਥਿਆਰਾਂ ਦੀ ਤਾਇਨਾਤੀ ਲੋਕਤੰਤਰ ਵਿੱਚ ਪੁਲਿਸ ਪ੍ਰਣਾਲੀ ਦੇ ਖ਼ਤਰਨਾਕ ਸੈਨਿਕੀਕਰਨ ਨੂੰ ਦਰਸਾਉਂਦੀ ਹੈ। ਆਈ ਡੀ ਪੀ ਡੀ ਦੀਆਂ ਮੰਗਾਂ ਭੀੜ ਨਿਯੰਤਰਣ ਲਈ ਪੈਲਟ ਗਨਾਂ ਅਤੇ ਹੋਰ ਅੰਨ੍ਹੇਵਾਹ ਪ੍ਰਭਾਵ ਵਾਲੇ ਹਥਿਆਰਾਂ ’ਤੇ ਤੁਰੰਤ ਪਾਬੰਦੀ ਲਗਾਈ ਜਾਵੇ। ਪੁਲਿਸ ਹਿੰਸਾ ਦੀ ਨਿਆਇਕ ਜਾਂਚ ਕਰਵਾਈ ਜਾਵੇ, ਜਿਸ ਵਿੱਚ ਮਹਿਲਾ ਵਿਦਿਆਰਥਣਾਂ ਨਾਲ ਕਥਿਤ ਜਿਨਸੀ ਹਿੰਸਾ ਦੇ ਦੋਸ਼ ਵੀ ਸ਼ਾਮਲ ਹੋਣ।




ਜ਼ਖ਼ਮੀ ਹੋਏ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਮੁਫ਼ਤ ਇਲਾਜ, ਪੁਨਰਵਾਸ ਅਤੇ ਮੁਆਵਜ਼ਾ ਦਿੱਤਾ ਜਾਵੇ ਅਤੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਵਿਦਿਆਰਥੀ ਦੁਸ਼ਮਣ ਨਹੀਂ, ਸਗੋਂ ਇਸ ਦੇਸ਼ ਦੇ ਨਾਗਰਿਕ ਹਨ। ਕੋਈ ਵੀ ਲੋਕਤੰਤਰ ਸ਼ਾਂਤਮਈ ਪ੍ਰਦਰਸ਼ਨ ਦਾ ਜਵਾਬ ਅਜਿਹੇ ਹਥਿਆਰਾਂ ਨਾਲ ਨਹੀਂ ਦੇ ਸਕਦਾ ਜੋ ਲੋਕਾਂ ਨੂੰ ਅੰਨ੍ਹਾ ਕਰ ਦੇਣ, ਅਪਾਹਜ ਬਣਾ ਦੇਣ ਅਤੇ ਦਹਿਸ਼ਤ ਫੈਲਾਉਣ।

# ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਦੇ ਯਤਨਾਂ ਨੂੰ ਪਿਆ ਬੂਰ

## "ਕਸਬਾ ਅੱਪਰਾ ਨੂੰ ਮਿਲੇਗਾ 13 ਕਰੋੜ ਦੀ ਲਾਗਤ ਨਾਲ ਬਨਣ ਵਾਲਾ ਸਰਕਾਰੀ ਹਸਪਤਾਲ "

**ਫਿਲੌਰ/ਅੱਪਰਾ, 23 ਜੁਲਾਈ(ਦੀਪਾ)** ਇਲਾਕਾ ਵਾਸੀਆਂ ਲਈ ਇੱਕ ਵੱਡੀ ਖੁਸ਼ਖਬਰੀ ਸਾਹਮਣੇ ਆਈ ਹੈ। ਹਲਕਾ ਇੰਚਾਰਜ ਭੈਣ ਹਰਜੋਤ ਕੌਰ ਲੋਹਟੀਆ ਜੀ ਦੇ ਯਤਨਾਂ ਅਤੇ ਸਮੂਹ ਪੰਚਾਇਤ ਅੱਪਰਾ ਦੇ ਸਹਿਯੋਗ ਨਾਲ ਅੱਜ ਅੱਪਰਾ ਵਿਖੇ ਪ੍ਰਸਤਾਵਿਤ ਸਰਕਾਰੀ ਹਸਪਤਾਲ ਲਈ ਸਰਵੇ ਦਾ ਕੰਮ ਰਸਮੀ ਤੌਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਲਗਭਗ 13 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਇਹ ਹਸਪਤਾਲ ਪੂਰੇ ਇਲਾਕੇ ਦੀ ਸਿਹਤ ਸੇਵਾਵਾਂ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਵੇਗਾ। ਹਸਪਤਾਲ ਬਣਨ ਨਾਲ ਅੱਪਰਾ ਅਤੇ ਆਸ-ਪਾਸ ਦੇ ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਆਧੁਨਿਕ ਅਤੇ ਬਿਹਤਰ ਇਲਾਜ ਦੀਆਂ ਸਹੂਲਤਾਂ ਆਪਣੇ ਹੀ ਇਲਾਕੇ ਵਿੱਚ ਮਿਲ ਸਕਣਗੀਆਂ, ਜਿਸ ਨਾਲ ਦੂਰ-ਦੁਰਾਡੇ ਦੇ ਸ਼ਹਿਰਾਂ ਵਿੱਚ ਜਾਣ ਦੀ ਲੋੜ ਕਾਫ਼ੀ ਹੱਦ ਤੱਕ ਘੱਟ ਹੋਵੇਗੀ। ਇਸ ਮੌਕੇ



ਇਲਾਕਾ ਨਿਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਿਹਤ ਮੰਤਰੀ ਡਾ. ਬਲਬੀਰ ਸਿੰਘ, ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਅਤੇ ਖ਼ਾਸ ਤੌਰ 'ਤੇ ਹਲਕਾ ਇੰਚਾਰਜ ਭੈਣ ਹਰਜੋਤ ਕੌਰ ਲੋਹਟੀਆ ਜੀ ਦਾ ਧੰਨਵਾਦ ਕੀਤਾ। ਲੋਕਾਂ ਦਾ ਕਹਿਣਾ ਹੈ ਕਿ ਹਰਜੋਤ ਕੌਰ ਲੋਹਟੀਆ ਜੀ ਨੇ ਹਲਕੇ ਦੀ ਜ਼ਿੰਮੇਵਾਰੀ ਸੰਭਾਲਦੇ ਹੀ ਲੋਕਾਂ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਕਦਮ ਚੁੱਕੇ। ਇਲਾਕੇ ਦੇ ਲੋਕਾਂ ਨੇ ਉਮੀਦ ਜਤਾਈ ਕਿ ਹਸਪਤਾਲ ਦਾ ਨਿਰਮਾਣ ਕਾਰਜ ਵੀ ਜਲਦ ਸ਼ੁਰੂ ਹੋਵੇਗਾ ਅਤੇ ਇਹ ਪ੍ਰੋਜੈਕਟ ਸਮੇਂ ਸਿਰ ਮੁਕੰਮਲ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਅੱਪਰਾ ਅਤੇ ਆਲੇ-ਦੁਆਲੇ ਦੇ ਖੇਤਰ ਦੇ ਵਿਕਾਸ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

# ਸਫ਼ਾਈ ਕਰਮਚਾਰੀਆਂ 'ਤੇ ਲਾਠੀਚਾਰਜ ਨਿੰਦਣਯੋਗ ਹੈ, ਦੋਸ਼ੀ ਪੁਲਿਸ ਮੁਲਾਜ਼ਮਾਂ 'ਤੇ ਐਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ: ਗੁਰਦੇਵ ਸ਼ਰਮਾ ਦੇਬੀ



***ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਭਾਜਪਾ ਦੇ ਖ਼ਜ਼ਾਨਚੀ ਗੁਰਦੇਵ ਸ਼ਰਮਾ ਦੇਬੀ ਨੇ ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ 'ਤੇ ਲਾਠੀਚਾਰਜ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ "ਝਾੜੂ ਪਾਰਟੀ" ਦੇ ਰਾਜ ਅਧੀਨ, ਸਫ਼ਾਈ ਕਰਨ ਵਾਲੇ ਲੋਕਾਂ 'ਤੇ ਲਾਠੀਚਾਰਜ ਕਰਨਾ ਬਹੁਤ ਸ਼ਰਮਨਾਕ ਅਤੇ ਮੰਦਭਾਗਾ ਹੈ। ਗੁਰਦੇਵ ਸ਼ਰਮਾ ਦੇਬੀ ਨੇ ਕਿਹਾ ਕਿ ਸਫ਼ਾਈ ਕਰਮਚਾਰੀ ਸਾਡੇ ਸ਼ਹਿਰਾਂ ਅਤੇ ਪਿੰਡਾਂ ਨੂੰ ਸਾਫ਼ ਰੱਖਣ ਲਈ ਦਿਨ-ਰਾਤ ਕੰਮ ਕਰਦੇ ਹਨ। ਜੇਕਰ ਉਹ ਆਪਣੇ ਜਾਇਜ਼ ਅਧਿਕਾਰਾਂ ਅਤੇ ਮੰਗਾਂ ਲਈ ਆਵਾਜ਼ ਉਠਾਉਂਦੇ ਹਨ, ਤਾਂ ਸਰਕਾਰ ਨੂੰ ਉਨ੍ਹਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਪੁਲਿਸ ਵੱਲੋਂ ਲਾਠੀਚਾਰਜ ਨਹੀਂ ਕਰਨਾ ਚਾਹੀਦਾ। ਉਨ੍ਹਾਂ ਮੰਗ ਕੀਤੀ ਕਿ ਸਫ਼ਾਈ ਕਰਮਚਾਰੀਆਂ 'ਤੇ ਲਾਠੀਚਾਰਜ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਅਤੇ ਸੰਬੰਧਿਤ ਅਧਿਕਾਰੀਆਂ ਵਿਰੁੱਧ ਤੁਰੰਤ ਐਫਆਈਆਰ ਦਰਜ ਕੀਤੀ ਜਾਵੇ। ਇਸ ਤੋਂ ਇਲਾਵਾ, ਲਾਠੀਚਾਰਜ ਵਿੱਚ ਜ਼ਖਮੀ ਹੋਏ ਸਾਰੇ ਸਫ਼ਾਈ ਕਰਮਚਾਰੀਆਂ ਨੂੰ ਸਰਕਾਰੀ ਖਰਚੇ 'ਤੇ *ਮੁਫ਼ਤ ਇਲਾਜ* ਦਿੱਤਾ ਜਾਵੇ। ਦੇਬੀ ਨੇ ਕਿਹਾ, *"ਸਮਾਜ ਨੂੰ ਸਾਫ਼ ਰੱਖਣ ਵਾਲੇ ਹੱਥਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਲਾਠੀਚਾਰਜ ਨਹੀਂ।"* ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਸੁਣਨ ਦੀ ਬਜਾਏ ਦਮਨ ਦਾ ਸਹਾਰਾ ਲੈ ਰਹੀ ਹੈ। ਸਰਕਾਰ ਨੂੰ ਮਜ਼ਦੂਰਾਂ ਦੀਆਂ ਮੰਗਾਂ 'ਤੇ ਤੁਰੰਤ ਚਰਚਾ ਕਰਨੀ ਚਾਹੀਦੀ ਹੈ ਅਤੇ ਹੱਲ ਲੱਭਣਾ ਚਾਹੀਦਾ ਹੈ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ। ਇਸ ਮੌਕੇ ਅਜੇ ਪਾਲ ਦਿਸਾਵਰ ਸਮੇਤ ਸਫ਼ਾਈ ਕਰਮਚਾਰੀ ਵੀ ਮੌਜੂਦ ਸਨ।

# ਹੜ੍ਹ ਰੋਕੂ ਪ੍ਰਬੰਧਾਂ ਨੂੰ ਲੈ ਕੇ ਮੰਡ ਖੇਤਰ ਵਿਚ ਸੁਖਬੀਰ ਸਿੰਘ ਬਾਦਲ ਨੇ ਕੀਤਾ ਦੌਰਾ

**●ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ ●ਹੜ੍ਹ ਰੋਕੂ ਪ੍ਰਬੰਧਾਂ ਲਈ ਸਰਕਾਰ ਨੂੰ ਘੇਰਿਆ ●ਡੀਜ਼ਲ, ਲੋਹੇ ਦੇ ਜਾਲ ਤੇ ਹੋਰ ਜ਼ਰੂਰੀ ਸਮਾਨ ਅਕਾਲੀ ਦਲ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ – ਸੁਖਬੀਰ ਬਾਦਲ**

**ਕਪੂਰਥਲਾ 23 ਜੁਲਾਈ (ਕੌੜਾ )–** ਖਰਾਬ ਮੌਸਮ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਹਲਕਾ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਬਾਊਪੁਰ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਕਿਸਾਨਾਂ ਅਤੇ ਇਲਾਕਾ ਵਾਸੀਆਂ ਨਾਲ ਮੁਲ-ਾਕਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਨੇੜੇ ਤੋਂ ਜਾਣਿਆ।ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੰਡ ਖੇਤਰ ਦੇ ਲੋਕ ਹਰ ਸਾਲ ਕੁਦਰਤੀ ਆਫ਼ਤਾਂ ਨਾਲ ਜੂਝ ਰਹੇ ਹਨ, ਪਰ ਸਰਕਾਰਾਂ ਵੱਲੋਂ ਸਮੇਂ ਸਿਰ ਪੱਕੇ ਪ੍ਰਬੰਧ ਨਾ ਕੀਤੇ ਜਾਣ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਅਤੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਹਮੇਸ਼ਾਂ ਡਟ ਕੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ 2025 ਵਿੱਚ ਆਏ ਭਿਆਨਕ ਹੜ੍ਹਾਂ ਦੌਰਾਨ ਵੀ ਅਕਾਲੀ ਦਲ ਵੱਲੋਂ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਗਈ ਸੀ ਅਤੇ ਇਸ ਵਾਰ ਵੀ ਜਿੱਥੇ ਲੋੜ ਹੋਵੇਗੀ ਉੱਥੇ ਸਹਾਇਤਾ ਪਹੁੰਚਾਈ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਮੰਡ ਖੇਤਰ ਦੇ ਲੋਕਾਂ ਦੀ ਸਹੂਲਤ ਲਈ ਡੀਜ਼ਲ, ਲੋਹੇ ਦੇ ਜਾਲ ਅਤੇ ਹੋਰ ਜ਼ਰੂਰੀ ਸਮਾਨ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਲੋਕ ਆਉਣ ਵਾਲੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਸਕਣ। ਸੁਖਬੀਰ ਬਾਦਲ ਨੇ ਪੰਜਾਬ ਸਰਕਾਰ ’ਤੇ ਸਖ਼ਤ ਨਿਸ਼ਾਨਾ ਸਾਧਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਸਾਲ ਦੇ



**ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਬਾਊਪੁਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣਦੇ ਹੋਏ।**

ਹੜ੍ਹਾਂ ਤੋਂ ਕੋਈ ਸਬਕ ਨਹੀਂ ਲਿਆ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਨੁਕਸਾਨੀਆਂ ਫਸਲਾਂ ਦਾ ਮੁਆਵਜ਼ਾ ਅਜੇ ਤੱਕ ਕਿਸਾਨਾਂ ਨੂੰ ਨਹੀਂ ਮਿਲਿਆ ਅਤੇ ਮੰਡ ਖੇਤਰ ਬਾਊਪੁਰ ਵਿੱਚ ਟੁੱਟੇ ਆਰਜ਼ੀ ਬੰਨ੍ਹਾਂ ਦੀ ਮੁਰੰਮਤ ਵੱਲ ਵੀ ਸਰਕਾਰ ਨੇ ਕੋਈ ਗੰਭੀਰ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਹਰੀਕੇ ਹੈੱਡ ਵਰਕਸ ਤੋਂ ਡੀਸਿਲਟਿੰਗ ਨਾ ਕਰਵਾਉਣਾ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਨਾ ਕਰਨਾ ਸਰਕਾਰ ਦੀ ਵੱਡੀ ਨਾਕਾਮੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਢੁੱਕਵੇਂ ਪ੍ਰਬੰਧ ਕੀਤੇ ਜਾਂਦੇ ਤਾਂ ਹਜ਼ਾਰਾਂ ਏਕੜ ਫਸਲ ਅਤੇ ਲੋਕਾਂ ਦੀ ਜਾਇਦਾਦ ਨੂੰ ਹੋਏ ਨੁਕਸਾਨ ਤੋਂ ਬਚਾਇਆ ਜਾ ਸਕਦਾ ਸੀ। ਇਸ ਮੌਕੇ ਕਿਸਾਨ ਆਗੂ ਪਰਮਜੀਤ ਸਿੰਘ ਬਾਊਪੁਰ ਅਤੇ ਕੁਲਦੀਪ ਸਿੰਘ ਸਾਂਗਰਾ ਨੇ ਸੁਖਬੀਰ ਸਿੰਘ ਬਾਦਲ ਨੂੰ ਮੰਡ ਖੇਤਰ ਦੀਆਂ ਗੰਭੀਰ ਸਮੱਸਿਆਵਾਂ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਪਿਛਲੇ ਸਾਲ ਆਏ ਹੜ੍ਹਾਂ ਦੌਰਾਨ ਕਰੀਬ 25 ਹਜ਼ਾਰ ਏਕੜ ਫਸਲਾਂ ਤਬਾਹ ਹੋ ਗਈਆਂ ਸਨ, ਪਰ ਅਜੇ ਤੱਕ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਬਾਊਪੁਰ ਖੇਤਰ ਵਿੱਚ ਕਈ ਘਰ ਦਰਿਆ ਦੇ ਵਹਾਅ ਕਾਰਨ ਨੁਕਸਾਨੇ ਗਏ ਸਨ, ਪਰ ਪ੍ਰਭਾਵਿਤ ਪਰਿਵਾਰ ਅੱਜ ਵੀ ਸਰਕਾਰੀ ਸਹਾਇਤਾ ਦੀ ਉਡੀਕ ਕਰ ਰਹੇ ਹਨ। ਮੰਡ ਖੇਤਰ ਦੇ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਲਈ ਭਾਰੀ ਮੀਂਹ ਦੇ ਬਾਵਜੂਦ ਸੁਖਬੀਰ ਸਿੰਘ ਬਾਦਲ ਦਾ ਪਹੁੰਚਣਾ ਕਿਸਾਨਾਂ ਪ੍ਰਤੀ ਉਨ੍ਹਾਂ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਪਰਮਬੰਸ ਸਿੰਘ ਬੰਟੀ ਰੁਮਾਣਾ, ਸਾਬਕਾ ਚੇਅਰਮੈਨ ਜਥੇਦਾਰ ਜਰਨੈਲ ਸਿੰਘ ਵਾਹਦ, ਜਿਲਾ ਕਪੂਰਥਲਾ ਦੇ ਪ੍ਰਧਾਨ ਦਲਵਿੰਦਰ ਸਿੰਘ ਸਿੱਧੂ, ਇੰਜੀਨੀਅਰ ਸਵਰਨ ਸਿੰਘ ਮੈਂਬਰ ਪੀ ਏ ਸੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ, ਮੈਂਬਰ ਪੀ ਏ ਸੀ ਅਕਾਲੀ ਦਲ ਸੁਖਦੇਵ ਸਿੰਘ ਨਾਨਕਪੁਰ, ਸਾਬਕਾ ਚੇਅਰਮੈਨ ਸੁਰਜੀਤ ਸਿੰਘ ਢਿੱਲੋਂ, ਦੋਆਬਾ ਜ਼ੋਨ ਐਸ ਸੀ ਵਿੰਗ ਦੇ ਜਿਲਾ ਪ੍ਰਧਾਨ ਕੁਲਦੀਪ ਸਿੰਘ ਬੂਲੇ, ਯੂਥ ਅਕਾਲੀ ਆਗੂ ਇੰਦਰਜੀਤ ਸਿੰਘ ਜੋਸਨ, ਅਕਾਲੀ ਆਗੂ ਕਰਨਜੀਤ ਸਿੰਘ ਆਹਲੀ,ਸਾਬਕਾ ਚੇਅਰਮੈਨ ਗੁਰਜੰਟ ਸਿੰਘ ਸੰਧੂ, ਦਿਲਬਾਗ ਸਿੰਘ ਗਿੱਲ ਐਮ ਡੀ, ਐਚ ਐਸ ਵਾਲੀਆ ਹਲਕਾ ਇੰਚਾਰਜ ਕਪੂਰਥਲਾ, ਇਕਬਾਲ ਸਿੰਘ ਭੱਟੀ ਪ੍ਰਧਾਨ ,ਰਿਟਾਇਰਡ ਮੈਨੇਜਰ ਜਰਨੈਲ ਸਿੰਘ ਬੂਲੇ, ,

ਸਰਪੰਚ ਮਨਜੀਤ ਸਿੰਘ ਗੋਲਡੀ ਪ੍ਰਧਾਨ ਯੂਥ ਅਕਾਲੀ ਦਲ, ਪਰਮਜੀਤ ਸਿੰਘ ਦੋਆਬਾ ਪ੍ਰਧਾਨ ਪੈਟਰੋਲ ਪੰਪ ਐਸੋਸੀਏਸ਼ਨ, ਬਲਵਿੰਦਰ ਸਿੰਘ ਤੁੜ ਤਲਵੰਡੀ ਚੌਧਰੀਆਂ, ਅਰੁਣਦੀਪ ਸਿੰਘ ਸੈਦਪੁਰ, ਜਥੇਦਾਰ ਗੁਰਦਿਆਲ ਸਿੰਘ ਖਾਲਸਾ ਮੈਂਬਰ ਪੀ ਏ ਸੀ ਅਕਾਲੀ ਦਲ, ਯੂਥ ਅਕਾਲੀ ਆਗੂ ਜਥੇਦਾਰ ਦਰਬਾਰਾ ਸਿੰਘ ਵਿਰਦੀ, ਸਾਬਕਾ ਜਿਲਾ ਪ੍ਰਧਾਨ ਸਤਬੀਰ ਸਿੰਘ ਬਿੱਟੂ, ਜਥੇਦਾਰ ਰਣਜੀਤ ਸਿੰਘ ਆਹਲੀ, ਸਾਬਕਾ ਸਰਪੰਚ ਕਾਰਜ ਸਿੰਘ ਤਕੀਆ, ਗੁਰ-ਚਰਨ ਸਿੰਘ ਟਿੱਬੀ, ਸੁਖਵਿੰਦਰ ਸਿੰਘ ਹਾਜੀਪੁਰ, ਇੰਦਰ ਸਿੰਘ ਲਾਟੀਆਂਵਾਲ, ਦਿਆਲ ਸਿੰਘ ਦੀਪੇਵਾਲ, ਗੁਰਪ੍ਰੀਤ ਸਿੰਘ ਫੱਤੁਢੀਂਗਾ, ਬਿਕਰਮਜੀਤ ਸਿੰਘ ਬਿੱਕਾ, ਮਲਕੀਤ ਸਿੰਘ ਚੰਦੀ ਰਣਧੀਰ ਪੁਰ, ਭੁਪਿੰਦਰ ਸਿੰਘ ਖਿੰਡਾ, ਬਲਜੀਤ ਸਿੰਘ ਬੱਲੀ, ਨਿਸ਼ਾਨ ਸਿੰਘ ਤਲਵੰਡੀ, ਜਗੀਰ ਸਿੰਘ ਲੰਬੜ ਆਦਿ ਮੌਜੂਦ ਸਨ।

# ਡਿਪਟੀ ਜਨਰਲ ਮੈਨੇਜਰ ਸ਼੍ਰੀ ਅਰਜੁਨ ਸਿੰਘ ਕਰਵਾਲ ਨੇ ਨਿਊ ਇੰਡੀਆ ਅਸ਼ੋਰੈਂਸ ਦੇ 108ਵੇਂ ਸਥਾਪਨਾ ਦਿਵਸ 'ਤੇ ਨਿਊ ਇੰਡੀਆ ਅਸ਼ੋਰੈਂਸ ਦਾ ਦੌਰਾ ਕੀਤਾ

**ਲੁਧਿਆਣਾ 23 ਜੁਲਾਈ (ਕਰਨੈਲ ਸਿੰਘ ਐੱਮ.ਏ.)** ਦ ਨਿਊ ਇੰਡੀਆ ਅਸ਼ੋਰੈਂਸ ਕੰਪਨੀ ਲਿਮਟਿਡ ਦੇ 108ਵੇਂ ਸਥਾਪਨਾ ਦਿਵਸ ਦੇ ਮੌਕੇ 'ਤੇ, ਡਿਪਟੀ ਜਨਰਲ ਮੈਨੇਜਰ ਸ਼੍ਰੀ ਅਰਜੁਨ ਸਿੰਘ ਕਰਵਾਲ ਨੇ ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ (ਦਫ਼ਤਰ ਕੋਡ: 360200) ਦਾ ਦੌਰਾ ਕੀਤਾ। ਦੌਰੇ ਦੌਰਾਨ, ਡੀਜੀਐਮ ਨੇ ਕਰਮਚਾਰੀਆਂ, ਏਜੰਟਾਂ ਅਤੇ ਦਲਾਲਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਨੂੰ ਕੰਪਨੀ ਦੇ ਸ਼ਾਨਦਾਰ ਸਫ਼ਰ 'ਤੇ ਵਧਾਈ ਦਿੱਤੀ ਅਤੇ ਇਸਦੀ ਨਿਰੰਤਰ ਸਫਲਤਾ ਵਿੱਚ ਉਨ੍ਹਾਂ ਦੇ ਕੀਮਤੀ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਾਰੇ ਹਿੱਸੇਦਾਰਾਂ ਨੂੰ ਪੇਸ਼ੇਵਰਤਾ ਅਤੇ ਗਾਹਕ ਸੇਵਾ ਦੇ ਉੱਚਤਮ ਮਿਆਰਾਂ ਨੂੰ ਬਣਾਈ ਰੱਖਣ ਲਈ ਉਤਸ਼ਾਹਿਤ ਕੀਤਾ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗਾਹਕ ਸੰਤੁਸ਼ਟੀ ਟਿਕਾਊ ਵਿਕਾਸ ਦੀ ਕੁੰਜੀ ਹੈ।

ਇਕੱਠ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਕਰਵਾਲ ਨੇ ਕੰਪਨੀ ਦੀ ਮਾਰਕੀਟ ਲੀਡਰਸ਼ਿਪ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਸੇਵਾ ਗੁਣਵੱਤਾ ਵਿੱਚ ਨਿਰੰਤਰ ਸੁਧਾਰ, ਦਾਅਵਿਆਂ ਦੇ ਤੁਰੰਤ ਨਿਪਟਾਰੇ ਅਤੇ ਮਜ਼ਬੂਤ ਗਾਹਕ ਸੰਬੰਧਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਖੇਤਰ ਵਿੱਚ ਕੰਪਨੀ ਦੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰਨ ਲਈ ਭਵਿੱਖ ਦੀਆਂ ਵਪਾਰਕ ਰਣਨੀਤੀਆਂ ਅਤੇ ਕਰਮਚਾਰੀਆਂ, ਏਜੰਟਾਂ ਅਤੇ ਦਲਾਲਾਂ ਨਾਲ ਸਹਿਯੋਗੀ ਯਤਨਾਂ 'ਤੇ ਵੀ ਚਰਚਾ ਕੀਤੀ। ਭਵਿੱਖ ਲਈ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰਦੇ ਹੋਏ, ਸ਼੍ਰੀ ਕਰਵਲ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਪੰਜਾਬ ਖੇਤਰ ਟੀਮ ਵਰਕ, ਸਮਰਪਣ ਅਤੇ ਗਾਹਕ-ਕੇਂਦ੍ਰਿਤ ਪਹਿਲਕਦਮੀਆਂ ਰਾਹੀਂ ₹1,000 ਕਰੋੜ ਪ੍ਰੀਮੀਅਮ ਆਮਦਨ ਦੇ ਮੀਲ ਪੱਥਰ ਨੂੰ ਪ੍ਰਾਪਤ ਕਰੇਗਾ। ਉਨ੍ਹਾਂ ਨੇ ਭਾਰਤ ਦੀ ਮੋਹਰੀ ਜਨਰਲ ਬੀਮਾ ਕੰਪਨੀ ਵਜੋਂ ਦ ਨਿਊ ਇੰਡੀਆ ਅਸ਼ੋਰੈਂਸ ਕੰਪਨੀ ਲਿਮਟਿਡ ਦੀ ਮਾਣਮੱਤੀ ਵਿਰਾਸਤ ਨੂੰ ਸੁਰੱਖਿਅਤ ਅਤੇ ਮਜ਼ਬੂਤ ਕਰਦੇ ਹੋਏ, ਨਿੱਜੀ ਬੀਮਾਕਰਤਾਵਾਂ ਅਤੇ ਹੋਰ ਜਨਤਕ ਖੇਤਰ ਦੀਆਂ ਜਨਰਲ ਬੀਮਾ ਕੰਪਨੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਮੁਕਾ-ਬਲਾ ਕਰਨ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ।

# ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਦੇ ਖਿਡਾਰੀ ਗੁਰਰਹਿਮਤ ਨੇ ਚੀਮਾਂ (ਸੰਗਰੂਰ) ਵਿਖੇ ਹੋਏ 12 ਸਾਲ ਰੈਸਲਿੰਗ ਮੁਕਾਬਲੇ ਵਿੱਚੋਂ ਸਟੇਟ ਪੱਧਰ ਤੇ ਹਾਸਿਲ ਕੀਤਾ ਦੂਸਰਾ ਸਥਾਨ

**(ਸਮਾਜ ਵੀਕਲੀ)** ਸੰਦੀਪ ਸਿੰਘ ਬਖੋਪੀਰ: ਸਕੂਲ ਦੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ 20-07-2026 ਨੂੰ ਚੀਮਾਂ (ਸੰਗਰੂਰ) ਵਿਖੇ ਹੋਏ 12 ਸਾਲਾਂ ਉਮਰ ਗਰੁੱਪ ਦੇ ਸਟੇਟ ਪੱਧਰੀ ਰੈਸਲਿੰਗ ਮੁਕਾਬਲੇ ਵਿੱਚ ਸਕੂਲ ਦੇ ਛੇਵੀਂ ਜਮਾਤ ਦੇ ਵਿਦਿਆਰਥੀ ਗੁਰਰਹਿਮਤ ਸਿੰਘ ਸਪੁੱਤਰ ਜਗਪ੍ਰੀਤ ਸਿੰਘ ਵਾਸੀ ਫੈਜਗੜ੍ਹ ਨੇ 60 ਕਿਲੋ ਭਾਰ ਵਰਗ ਵਿੱਚ ਖੇਡਦੇ ਹੋਏ ਆਪਣੀ ਉਮਰ ਦੇ ਖਿਡਾਰੀਆਂ ਦਾ ਪੂਰੇ ਜੋਸ਼ ਦੇ ਨਾਲ ਮੁਕਾਬਲਾ ਕਰਦੇ ਹੋਏ ਇਸ ਟੂਰਨਾਮੈਂਟਾਂ ਵਿੱਚੋਂ ਦੂਸਰਾ ਸਥਾਨ ਹਾਸਿਲ ਕੀਤਾ, ਗੁਰਰਹਿਮਤ ਨੇ ਜਿੱਥੇ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਦਾ ਨਾਮ ਉੱਚਾ ਕੀਤਾ ਹੈ ,ਉਥੇ ਹੀ ਆਪਣੇ ਕੋਚ ਅਤੇ ਮਾਪਿਆਂ ਦਾ ਵੀ ਮਾਣ ਵਧਾਇਆ ਹੈ। ਸਕੂਲ ਪਹੁੰਚਣ ਤੇ ਗੁਰਰਹਿਮਤ ਦਾ ਨਿੱਘਾ ਸਵਾਗਤ ਕੀਤਾ ਗਿਆ, ਸਕੂਲ ਦੇ ਚੇਅਰਮੈਂਨ ਬਾਬਾ ਕਿਰਪਾਲ ਸਿੰਘ ਜੀ, ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ, ਡੀ.ਪੀ ਅਧਿਆਪਕ ਅਵਤਾਰ ਸਿੰਘ ਵੱਲੋਂ ਵਿਦਿਆਰਥੀ ਅਤੇ ਉਹਨਾਂ ਦੇ ਮਾਪਿਆਂ ਨੂੰ ਢੇਰੋਂ ਸ਼ੁਭ ਕਾਮਨਾਵਾਂ ਪੇਸ਼ ਕੀਤੀਆਂ ਗਈਆਂ ਅਤੇ ਭਵਿੱਖ ਵਿੱਚ ਇਸ ਜੇਤੂ ਨੇ ਮੁਹਿੰਮ ਨੂੰ ਇਸੇ ਤਰ੍ਹਾਂ ਜਾਰੀ ਰੱਖਣ ਦਾ ਵਿਸ਼ਵਾਸ ਦ੍ਰਿੜ ਕੀਤਾ, ਖਿਡਾਰੀ ਨੂੰ ਸਮਾਨਿਤ ਕਰਨ ਸਮੇਂ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਕੋਰ, ਕੋਆਰਡੀਨੇਟਰ ਮੈਡਮ ਬਲਜੀਤ ਕੌਰ, ਪੰਜਾਬੀ ਅਧਿਆਪਕ ਸੰਦੀਪ ਸਿੰਘ ਵੀ ਮੌਜੂਦ ਸਨ।





# ਦਿੱਲੀ 'ਚ ਸ਼ਾਂਤਮਈ ਧਰਨਾ ਦੇ ਰਹੇ ਨੌਜਵਾਨਾਂ 'ਤੇ ਪੁਲਿਸੀਆ ਤਸ਼ੱਦਦ ਲੋਕਤੰਤਰ ਦਾ ਫ਼ਾਹਾ ਵੱਢਣ ਦੇ ਬਰਾਬਰ : ਬਰਿੰਦਰ ਸਿੰਘ ਪਰਮਾਰ

**ਹੁਸ਼ਿਆਰਪੁਰ, (ਤਰਸੇਮ ਦੀਵਾਨਾ ) –** ਦੇਸ਼ ਵਿੱਚ ਮੌਜੂਦਾ ਹਕੂਮਤ ਵੱਲੋਂ ਲੋਕਤੰਤਰੀ ਮੁੱਲਾਂ ਦਾ ਘਾਣ ਕਰਦਿਆਂ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨਾਂ ਦੀ ਆਵਾਜ਼ ਨੂੰ ਡੰਡੇ ਅਤੇ ਗੋਲੀਆਂ ਦੇ ਜ਼ੋਰ 'ਤੇ ਦਬਾਉਣ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਜ਼ਿਲ੍ਹਾ ਸਕੱਤਰ ਜਨਰਲ ਬਰਿੰਦਰ ਸਿੰਘ ਪਰਮਾਰ ਨੇ ਪ੍ਰੈੱਸ ਦੇ ਨਾਂ ਇੱਕ ਵਿਸ਼ੇਸ਼ ਬਿਆਨ ਜਾਰੀ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਹਰ ਨਾਗਰਿਕ ਨੂੰ ਸ਼ਾਂਤਮਈ ਢੰਗ ਨਾਲ ਆਪਣਾ ਰੋਸ ਪ੍ਰਗਟਾਉਣ ਅਤੇ ਹੱਕਾਂ ਦੀ ਪ੍ਰਾਪਤੀ ਲਈ ਆਵਾਜ਼ ਚੁੱਕਣ ਦਾ ਪੂਰਾ ਅਧਿਕਾਰ ਦਿੰਦਾ ਹੈ, ਪ੍ਰੰਤੂ ਕੇਂਦਰ ਸਰਕਾਰ ਆਪਣੀਆਂ ਨਾਕਾਮੀਆਂ ਅਤੇ ਭ੍ਰਿਸ਼ਟਾਚਾਰ ਨੂੰ ਛੁਪਾਉਣ ਲਈ ਗੁੰਡਾਗਰਦੀ ਅਤੇ ਡੰਡਾਤੰਤਰ ਦਾ ਸਹਾਰਾ ਲੈ ਰਹੀ ਹੈ। ਉਨ੍ਹਾਂ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਜੀ ਤੋਂ ਮੰਗ ਕੀਤੀ ਕਿ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੀ ਅਤੇ ਗੁੰਡਾਗਰਦੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕੀ ਮੌਜੂਦਾ ਸਰਕਾਰ ਨੂੰ ਤੁਰੰਤ ਬਰਖ਼ਾਸਤ ਕਰਕੇ ਦੇਸ਼ ਵਿੱਚ ਰਾਸ਼ਟਰਪਤੀ ਰਾਜ ਲਗਾਇਆ ਜਾਵੇ।

ਬਰਿੰਦਰ ਸਿੰਘ ਪਰਮਾਰ ਨੇ ਆਖਿਆ ਕਿ ਦਿੱਲੀ ਦੇ ਜੰਤਰ-ਮੰਤਰ ਵਿਖੇ ਪਿਛਲੇ ਇੱਕ ਮਹੀਨੇ ਤੋਂ ਆਪਣੀਆਂ ਭਵਿੱਖੀ ਮੰਗਾਂ ਨੂੰ ਲੈ ਕੇ ਪੂਰਨ ਅਮਨ-ਅਮਾਨ ਨਾਲ ਧਰਨਾ ਦੇ ਰਹੇ ਦੇਸ਼ ਦੇ ਹੋਣਹਾਰ ਨੌਜਵਾਨ ਲੜਕੇ ਅਤੇ ਲੜਕੀਆਂ 'ਤੇ ਜਿਸ ਬੇਰਹਿਮੀ ਨਾਲ ਪੁਲਿਸੀਆ ਲਾਠੀਚਾਰਜ ਕੀਤਾ ਗਿਆ ਹੈ, ਉਸ ਨੇ ਪੂਰੀ ਦੁਨੀਆ ਵਿੱਚ ਭਾਰਤੀ ਲੋਕਤੰਤਰ ਦਾ ਸਿਰ ਝੁਕਾ ਦਿੱਤਾ ਹੈ।



ਮੀਡੀਆ ਰਾਹੀਂ ਸਾਹਮਣੇ ਆਈਆਂ ਤਸਵੀਰਾਂ ਵਿੱਚ ਪੁਲਿਸ ਦੇ ਨਾਲ-ਨਾਲ ਬਿਨਾਂ ਵਰਦੀਆਂ ਤੋਂ ਹੱਥਾਂ ਵਿੱਚ ਡਾਂਗਾਂ ਲੈ ਕੇ ਸ਼ਰੇਆਮ ਕੁੱਟਮਾਰ ਕਰਦੇ ਸਰਕਾਰੀ ਗੁੰਡੇ ਸਾਫ਼ ਨਜ਼ਰ ਆ ਰਹੇ ਹਨ। ਉਨ੍ਹਾਂ ਇਸ ਘਟਨਾ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਨ੍ਹਾਂ ਨਕਾਬਪੋਸ਼ ਹਮਲਾਵਰਾਂ ਦੀ ਉੱਚ ਪੱਧਰੀ ਨਿਰਪੱਖ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖ਼ਤ ਜ਼ਮਾਨਤੀ ਸਜ਼ਾਵਾਂ ਦੇਣ ਦੀ ਮੰਗ ਕੀਤੀ।


ਅਕਾਲੀ ਨੇਤਾ ਨੇ ਅੱਗੇ ਕਿਹਾ ਕਿ ਨੀਟ (NEET) ਪ੍ਰੀਖਿਆ ਸਮੇਤ ਹੋਰ ਸਰਕਾਰੀ ਭਰਤੀ ਪ੍ਰੀਖਿਆਵਾਂ ਦੇ ਪੇਪਰ ਲਗਾਤਾਰ ਲੀਕ ਹੋਣ ਕਾਰਨ ਦੇਸ਼ ਦੇ ਕਰੋੜਾਂ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ ਹੋ ਰਿਹਾ ਹੈ ਅਤੇ ਉਨ੍ਹਾਂ ਦੀ ਸਾਲਾਂ ਦੀ ਮਿਹਨਤ ਉੱਤੇ ਪਾਣੀ ਫਿਰ ਰਿਹਾ ਹੈ। ਵਿਦਿਆਰਥੀ ਵਰਗ ਇਸ ਨਾਕਾਮੀ ਲਈ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਜ਼ਿੰਮੇਵਾਰ ਮੰਨ ਰਿਹਾ ਹੈ ਅਤੇ ਕਿਸੇ ਵੀ ਵਿਭਾਗ ਵਿੱਚ ਭ੍ਰਿਸ਼ਟਾਚਾਰ ਸਾਹ-ਮਣੇ ਆਉਣ 'ਤੇ ਸਬੰਧਤ ਮੰਤਰੀ ਦਾ ਅਸਤੀਫ਼ਾ ਮੰਗਣਾ ਵਿਦਿਆਰਥੀਆਂ ਦਾ ਜਾਇਜ਼ ਹੱਕ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਦੇਸ਼ ਭਗਤੀ ਦਾ ਡਰਾਮਾ ਕਰਨ ਵਾਲੀ ਸਰਕਾਰ ਆਪਣੇ ਮੰਤਰੀਆਂ ਦੀ ਜਵਾਬਦੇਹੀ ਤੈਅ ਕਰਨ ਦੀ ਬਜਾਏ ਦੇਸ਼ ਦੇ ਨੌਜਵਾਨਾਂ ਦੀ ਬਲੀ ਲੈਣ 'ਤੇ ਤੁਲੀ ਹੋਈ ਹੈ, ਜਿਸ ਨੂੰ ਦੇਸ਼ ਦਾ ਨੌਜਵਾਨ ਵਰਗ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

# ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ ਉਪਰ ਪੁਲਿਸ ਵੱਲੋਂ ਵਹਿਸ਼ੀ ਲਾਠੀਚਾਰਜ ਦੀ ਸਖਤ ਨਿੰਦਾ

## ਹੱਕੀ ਮੰਗਾਂ ਲਈ ਸੰਘਰਸ਼ ਕਰਨਾ ਹਰ ਨਾਗਰਿਕ ਦਾ ਸਵਿਧਾਨਕ ਹੱਕ : ਬਲਵੀਰ ਸਿੰਘ ਸੈਣੀ

**ਹੁਸ਼ਿਆਰਪੁਰ, 23 ਜੁਲਾਈ, ( ਤਰਸੇਮ ਦੀਵਾਨਾ )** ਪੰਜਾਬ ਸਰਕਾਰ ਦੇ ਇਸ਼ਾਰੇ ਤੇ ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ ਉਪਰ ਪੁਲਿਸ ਵੱਲੋਂ ਬੇਰਹਿਮੀ ਅਤੇ ਵਿਹਸ਼ੀ ਢੰਗ ਨਾਲ ਕੀਤਾ ਗਿਆ ਲਾਠੀਚਾਰਜ ਅੱਤ ਨਿੰਦਣ ਯੋਗ ਹੈ ਅਤੇ ਇਹ ਸਰਕਾਰ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਬਣਦੇ ਹੱਕ ਦੇਣ ਦੀ ਬਜਾਏ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਲੋਕਾਂ ਉਪਰ ਬੇਦਰਦੀ ਨਾਲ ਲਾਠੀਆਂ ਵਰ੍ਹਾ ਰਹੀ ਹੈ। ਇਸੇ ਹੀ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਵੀ ਜੰਤਰ ਮੰਤਰ ਤੇ ਆਪਣੀਆਂ ਹੱਕਾਂ ਲਈ ਜੂਝ ਰਹੇ ਨੌਜਵਾਨਾਂ ਤੇ ਵੀ ਵੈਸ਼ੀ ਢੰਗ ਨਾਲ ਲਾਠੀ ਚਾਰਜ ਕੀਤਾ ਜਾ ਰਿਹਾ ਹੈ। ਦੋਵਾਂ ਜਗ੍ਹਾ ਤੇ ਪੁਲਿਸ ਦੁਆਰਾ ਕੀਤੇ ਜਾ ਰਹੇ ਲਾਠੀ ਚਾਰਜ ਦੀ ਚੁਫੇਰਿਓ ਨਿੰਦਾ ਹੋ ਰਹੀ ਹੈ ਅਤੇ ਸੰਘਰਸ਼ ਕਰ ਰਹੇ ਨੌਜਵਾਨਾਂ ਅਤੇ ਸਫਾਈ ਸੇਵਕਾਂ ਨੂੰ ਵੱਡੇ ਪੱਧਰ ਤੇ ਹਮਦਰਦੀ ਅਤੇ ਸਹਿਯੋਗ ਦਿੱਤਾ ਜਾ ਰਿਹਾ ਹੈ।

ਪੰਜਾਬ ਸਟੇਟ ਪੈਨਸ਼ਨਰ ਕਨਫਰਡਰੇਸ਼ਨ ਦੇ ਵਧੀਕ ਜਨਰਲ ਸਕੱਤਰ ਬਲਬੀਰ ਸਿੰਘ ਸੈਣੀ ਨੇ ਆਮ ਆਦਮੀ ਪਾਰਟੀ ਤੇ ਦੋਸ਼ ਲਾਇਆ ਕਿ ਇੱਕ ਪਾਸੇ ਅਰਵਿੰਦ ਕੇਜਰੀਵਾਲ ਦਿੱਲੀ ਵਿੱਚ ਨੌਜਵਾਨਾਂ ਤੇ ਹੋਏ ਲਾਠੀ ਚਾਰਜ ਦੀ ਨਿੰਦਾ ਕਰਦਾ ਨਹੀਂ



ਥੱਕਦਾ ਅਤੇ ਹੋਏ ਲਾਠੀਚਾਰਜ ਕਾਰਨ ਮੋਦੀ ਤੋਂ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਹੈ। ਦੂਸਰੇ ਪਾਸੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਇਸ਼ਾਰੇ ਤੇ ਪੁਲਿਸ ਵੱਲੋਂ ਸਫਾਈ ਕਰਮਚਾਰੀਆਂ ਤੇ ਕੀਤੇ ਵਹਿਸ਼ੀ ਲਾਠੀ ਚਾਰਜ ਬਾਰੇ ਮੌਨ ਧਾਰਿਆ ਹੋਇਆ ਹੈ। ਇਹ ਗੰਦੀ ਰਾਜਨੀਤੀ ਨਹੀਂ ਤਾਂ ਹੋਰ ਕੀ ਹੈ? ਉਨ੍ਹਾਂ ਕਿਹਾ ਕਿ ਪਹਿਲਾਂ ਬਿਜਲੀ ਕਰਮਚਾਰੀਆਂ ਉਪਰ, ਫ਼ਿਰ ਨੇਰਗਾ ਕਰਮਚਾਰੀਆਂ ਅਤੇ ਮਜ਼ਦੂਰਾਂ ਉਪਰ ਅਤੇ ਹੁਣ ਸਫ਼ਾਈ ਕਰਮਚਾਰੀਆਂ ਉਪਰ ਜੋ ਬਹੁਤ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ ਉਹ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦਾ ਬਹੁਤ ਹੀ ਘਟੀਆ ਅਤੇ ਨਿੰਦਣ ਯੋਗ ਵਰਤਾਰਾ ਹੈ। ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਲੋਕਾਂ ਉਪਰ ਲਾਠੀਆਂ ਵਰਾਉਣਾ ਸੰਵਿਧਾਨ ਦੀ ਉਲੰਘਣਾ ਹੈ।ਉਹਨਾਂ ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ ਉਪਰ ਬੇਰਹਿਮੀ ਤੇ ਵੈਹਸੀ ਢੰਗ ਨਾਲ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਸਰਕਾਰ ਤੋਂ ਮੰਗ ਹੈ ਕਿ ਇਸ ਘਨਾਉਣੀ ਕਾਰਵਾਈ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਦੇਸ਼ ਅੰਦਰ ਸਭ ਨੂੰ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਦਾ ਪੂਰਨ ਹੱਕ ਹੈ ਪਰ ਸਰਕਾਰ ਦੇ ਦਬਾਅ ਨਾਲ ਪੰਜਾਬ ਦੇ ਮਜ਼ਦੂਰਾਂ ਦੀ ਆਵਾਜ਼ ਨੂੰ ਦੱਬਿਆ ਨਹੀਂ ਜਾ ਸਕਦਾ। ਉਹਨਾਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਵੱਲੋਂ 07 ਅਗਸਤ ਨੂੰ ਦਾਣਾ ਮੰਡੀ, ਸੈਕਟਰ 39 ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਮਹਾਂ ਰੈਲੀ ਵਿੱਚ ਸਮੁੱਚੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸ਼ਾਮਿਲ ਹੋਣ ਦਾ ਸੱਦਾ ਵੀ ਦਿੱਤਾ, ਤਾਂ ਜੋ ਇਕੱਠੇ ਹੋ ਕੇ ਇਨ੍ਹਾਂ ਜਾਬਰ ਸਰਕਾਰਾਂ ਦਾ ਮੂੰਹ ਭੰਨਿਆ ਜਾ ਸਕੇ।

# ਪਿੰਡ ਆਨੰਦਗੜ੍ਹ ਸਰਪੰਚ ਕਤਲ ਕਾਂਡ- ਚਾਰ ਮੁਲਜ਼ਮ ਕਾਬੂ ਦੋ ਦੀ ਭਾਲ ਜਾਰੀ, ਕਾਬੂ ਮੁਲਜ਼ਮ ਚਾਰ ਦਿਨ ਦੇ ਪੁਲਿਸ ਰਿਮਾਂਡ 'ਤੇ-ਐਸਐਸਪੀ ਸੰਦੀਪ ਮਲਿਕ

**ਹੁਸ਼ਿਆਰਪੁਰ, 23 ਜੁਲਾਈ (ਤਰਸੇਮ ਦੀਵਾਨਾ) –** ਮੰਗਲਵਾਰ ਦੇਰ ਰਾਤ ਥਾਣਾ ਸਦਰ ਪੁਲਿਸ ਵੱਲੋਂ ਪਿੰਡ ਆਨੰਦਗੜ੍ਹ ਵਿੱਚ ਹੋਏ ਸਰਪੰਚ ਸਤਪਾਲ ਸਿੰਘ ਉਰਫ਼ ਮਿੰਟੂ ਕਤਲ ਕਾਂਡ ਵਿੱਚ ਪੁਲਿਸ ਵੱਲੋਂ ਘਟਨਾ ਦੇ ਇੱਕ ਦਿਨ ਵਿੱਚ ਹੀ ਚਾਰ ਮੁਲਜ਼ਮਾਂ ਨੂੰ ਕਾਬੂ ਕਰਕੇ ਦੋ ਦੀ ਭਾਲ ਲਈ ਵੱਖ-ਵੱਖ ਟੀਮਾਂ ਦਾ ਗਠਨ ਕਰ ਦਿੱਤਾ ਹੈ। ਉਕਤ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਵੀਰਵਾਰ ਬਾਅਦ ਦੁਪਹਿਰ ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਮਲਿਕ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਗੱਲਬਾਤ ਕਰਦਿਆਂ ਸੰਦੀਪ ਮਲਿਕ ਨੇ ਦੱਸਿਆ ਕਿ



ਮੰਗਲਵਾਰ ਦੇਰ ਰਾਤ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਆਨੰਦਗੜ੍ਹ ਵਿੱਚ ਕਾਰ ਸਵਾਰ ਪੰਜ-ਛੇ ਹਥਿਆਰਬੰਦ ਹਮਲਾਵਰਾਂ ਵੱਲੋਂ ਪਿੰਡ ਦੇ ਸਰਪੰਚ ਸਤਪਾਲ ਸਿੰਘ ਉਰਫ਼ ਮਿੰਟੂ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਸੀ। ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਸਰਪੰਚ ਸਤਪਾਲ ਸਿੰਘ ਉਰਫ਼ ਮਿੰਟੂ ਨੂੰ ਜਦੋਂ ਉਸਦਾ ਬੇਟਾ ਰਾਹੁਲ ਇਲਾਜ ਲਈ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਲੈ ਜਾ ਰਿਹਾ ਸੀ ਤਾਂ ਮੁਲਜ਼ਮਾਂ ਵੱਲੋਂ ਰਸਤੇ ਵਿੱਚ ਘੇਰ ਕੇ ਇੱਕ ਵਾਰ ਫਿਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸਦੇ ਚਲਦਿਆਂ ਸਰਪੰਚ ਸਤਪਾਲ ਸਿੰਘ ਦੀ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਪਹੁੰਚਦਿਆਂ ਹੀ ਮੌਤ ਹੋ ਗਈ ਸੀ। ਪੁਲਿਸ ਨੇ ਰਾਹੁਲ ਦੇ ਬਿਆਨ 'ਤੇ ਛੇ



ਮੁਲਜ਼ਮਾਂ ਅਨਮੋਲ ਪੁੱਤਰ ਹਰਜੀਤ ਸਿੰਘ ਵਾਸੀ ਸ਼ਾਂਤੀ ਨਗਰ, ਅਨਮੋਲ ਉਰਫ਼ ਅੰਕੂ ਵਾਸੀ ਮਹਿਲਾਵਾਲੀ, ਅਨਮੋਲਪ੍ਰੀਤ ਸਿੰਘ ਉਰਫ਼ ਮੌਲਾ ਵਾਸੀ ਬੱਸੀ ਮੁਸਤਫ਼ਾ, ਚਰਨਜੀਤ ਸਿੰਘ ਉਰਫ਼ ਗਿਆਨੀ ਵਾਸੀ ਬੱਸੀ ਬਾਹੀਆਂ, ਪੰਕਜ ਪਠਾਨੀਆਂ ਵਾਸੀ ਮਹਿਲਾਵਾਲੀ ਤੇ ਵਿਜੈ ਕੁਮਾਰ ਵਾਸੀ ਜਹਾਂਖੇਲਾਂ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲਿਆ ਸੀ। ਪੁਲਿਸ ਨੇ ਘਟਨਾ ਦੇ ਕੁਝ ਸਮੇਂ ਬਾਅਦ ਹੀ ਇੱਕ ਮੁਲਜ਼ਮ ਅਨਮੋਲ ਵਾਸੀ ਸ਼ਾਂਤੀ ਨਗਰ ਨੂੰ ਕਾਬੂ ਕਰ ਲਿਆ ਸੀ। ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਮਲਿਕ ਵੱਲੋਂ ਬਣਾਈ ਟੀਮ ਵਿੱਚ ਡੀਐਸਪੀ (ਸਿਟੀ) ਕੁਲਭੂਸ਼ਨ, ਇੰਚਾਰਜ ਸੀਆਈਏ ਸਟਾਫ਼ ਹੁਸ਼ਿਆਰਪੁਰ ਤੇ ਥਾਣਾ ਪ੍ਰਭਾਰੀ ਸਦਰ ਵੱਲੋਂ ਲਗਾਤਾਰ ਛਾਪੇਮਾਰੀ ਕਰਦਿਆਂ ਤਿੰਨ ਮੁਲਜ਼ਮਾਂ ਅਨਮੋਲ ਉਰਫ਼ ਅੰਕੂ, ਚਰਨਜੀਤ ਸਿੰਘ ਉਰਫ਼ ਗਿਆਨੀ, ਤੇ ਅਨਮੋਲਪ੍ਰੀਤ ਸਿੰਘ ਨੂੰ ਕਾਬੂ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ।

ਚਾਰੇ ਮੁਲਜ਼ਮ ਚਾਰ ਦਿਨ ਦੇ ਪੁਲਿਸ ਰਿਮਾਂਡ 'ਤੇ – ਗੱਲਬਾਤ ਕਰਦਿਆਂ ਥਾਣਾ ਪ੍ਰਭਾਰੀ ਸਦਰ ਨੇ ਦੱਸਿਆ ਕਿ ਕਾਬੂ ਕੀਤੇ ਚਾਰੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰ ਪੁੱਛਗਿੱਛ ਲਈ ਸੱਤ ਦਿਨ ਦੇ ਪੁਲਿਸ ਰਿਮਾਂਡ ਦੀ ਮੰਗ ਕੀਤੀ ਸੀ, ਜਿਸਦੇ ਚਲਦਿਆਂ ਅਦਾਲਤ ਵੱਲੋਂ ਚਾਰ ਦਿਨ ਦਾ ਪੁਲਿਸ ਰਿਮਾਂਡ ਮਿਲਿਆ ਹੈ। ਜ਼ਿਲ੍ਹਾ ਪੁਲਿਸ ਦੋ ਹੋਰ ਮੁਲਜ਼ਮਾਂ ਨੂੰ ਵੀ ਜਲਦ ਕਾਬੂ ਕਰ ਲਵੇਗੀ। ਫੋਟੋ ਅਜਮੇਰ ਦੀਵਾਨਾ

# ਬਾਬਾ ਸਾਹਿਬ ਜੀ ਵਲੋਂ ਲਿਖੇ ਸਵਿਧਾਨ ਦੀ ਬਦੌਲਤ ਹੀ ਅੱਜ ਸਮਾਜ ਨੂੰ ਵੋਟ, ਵਿੱਦਿਆ, ਜਾਇਦਾਦ ਅਤੇ ਰਾਜਨੀਤਿ ਦਾ ਅਧਿਕਾਰ ਮਿਲਿਆ ਹੈ : ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ, 23 ਜੁਲਾਈ (ਤਰਸੇਮ ਦੀਵਾਨਾ ) –** ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦੀ ਯੋਗ ਅਗਵਾਈ ਹੇਠ ਮਿਸ਼ਨਰੀ ਟੀਮ ਵੱਲੋਂ ਡੇਰਾ 108 ਸੰਤ ਮੇਲਾ ਰਾਮ ਨਗਰ ਵਿਖੇ ਵਿਸ਼ੇਸ਼ ਦੌਰਾ ਕੀਤਾ ਗਿਆ। ਇਸ ਦੌਰਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਕੈਸ਼ੀਅਰ ਅਤੇ ਡੇਰੇ ਦੇ ਗੱਦੀ ਨਸ਼ੀਨ ਸੰਤ ਪਰਮਜੀਤ ਦਾਸ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ ਗਏ ਅਤੇ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਮੌਕੇ ਡੇਰਾ ਸੰਤ ਮੇਲਾ ਰਾਮ ਨਗਰ ਦੇ ਗੱਦੀ ਨਸ਼ੀਨ ਸੰਤ ਪਰਮਜੀਤ ਦਾਸ ਨੇ ਸੰਗਤਾਂ ਨੂੰ ਇੱਕਜੁੱਟਤਾ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਸੰਤ ਸਮਾਜ ਗੁਰੂ ਸਾਹਿਬਾਨ ਵੱਲੋਂ ਦਰਸਾਏ ਆਦਿ ਧਰਮ ਦੇ ਅਮਰ ਫਲਸਫੇ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਵੇਗਾ। ਉਨ੍ਹਾਂ ਸਮੁੱਚੀਆਂ ਸੰਗਤਾਂ ਨੂੰ ਆਦਿ ਧਰਮ ਦੇ ਇੱਕ ਪਰਚਮ ਹੇਠ ਲਾਮਬੰਦ ਹੋ ਕੇ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੀ ਪੁਰਜ਼ੋਰ ਅਪੀਲ ਕੀਤੀ। ਇਸ ਦੌਰਾਨ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਸੰਬੋਧਨ ਕਰਦਿਆਂ ਆਖਿਆ ਕਿ ਆਦਿ ਧਰਮ ਹੀ ਮਨੁੱਖਤਾ ਦਾ ਮੁੱਖ ਤੇ ਅਸਲੀ ਧਰਮ ਹੈ, ਜਿਸ ਦੀ ਅਜ਼ੀਮ ਨੀਂਹ ਸਾਡੇ ਰਹਿਬਰਾਂ ਨੇ ਆਦਿ ਕਾਲ ਵਿੱਚ ਰੱਖੀ ਸੀ। ਮਹਾਨ ਰਹਿਬਰ ਬਾਬੂ ਮੰਗੂ ਰਾਮ



ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਨੇ ਦੇਸ਼ ਦੇ ਬਹੁਜਨਾਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਇਤਿਹਾਸਕ ਸੰਘਰਸ਼ ਕੀਤਾ। ਉਨ੍ਹਾਂ ਦੇ ਇਸ ਅਥੱਕ ਸੰਘਰਸ਼ ਦੀ ਬਦੌਲਤ ਹੀ ਅੱਜ ਸਮਾਜ ਨੂੰ ਵੋਟ ਦਾ ਅਧਿਕਾਰ, ਵਿੱਦਿਆ, ਜਾਇਦਾਦ ਦਾ ਹੱਕ ਅਤੇ ਰਾਜਨੀਤਿਕ ਨੁਮਾਇੰਦਗੀ ਮਿਲੀ ਹੈ। ਸੰਤ ਹੀਰਾ ਨੇ ਚੇਤੇ ਕਰਵਾਇਆ ਕਿ 1931 ਦੀ ਮਰਦਮਸ਼ੁਮਾਰੀ ਵਿੱਚ 'ਆਦਿ ਧਰਮ' ਦਾ ਸੁਤੰਤਰ ਖਾਨਾ ਮੌਜੂਦ ਸੀ, ਜਿਸ ਵਿੱਚ ਲੱਖਾਂ ਲੋਕਾਂ ਨੇ ਆਪਣਾ ਅਸਲ ਧਰਮ ਦਰਜ ਕਰਵਾਇਆ ਸੀ। ਹਾਲਾਂਕਿ ਬਾਅਦ ਵਿੱਚ ਸਾਜ਼ਿਸ਼ ਤਹਿਤ ਇਸ ਖਾਨੇ ਨੂੰ ਹਟਾ ਕੇ ਮੂਲ ਨਿਵਾਸੀਆਂ ਨੂੰ ਉਨ੍ਹਾਂ ਦੀਆਂ ਜੜ੍ਹਾਂ ਤੋਂ ਦੂਰ ਕਰਨ ਦੇ ਯਤਨ ਕੀਤੇ ਗਏ, ਪਰ ਇਹ ਹਰਬੇ ਕਦੇ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਕ੍ਰਾਂਤੀਕਾਰੀ ਸੁਨੇਹੇ "ਐਸਾ ਚਾਹੂੰ ਰਾਜ ਮੈਂ ਯਹਾਂ ਮਿਲੇ ਸਭਨੁ ਕੋ ਅੰਨ, ਛੋਟ ਬੜੇ ਸਭੁ ਸਮੁ ਵਸੈ ਰਵਿਦਾਸ ਰਹੇ ਪ੍ਰਸੰਨ" ਅਤੇ "ਬੇਗਮਪੁਰਾ ਸ਼ਹਿਰ ਕੋ ਨਾਉ" ਦੇ ਸੰਕਲਪ ਨੂੰ ਘਰ-ਘਰ ਪਹੁੰਚਾਉਣ ਲਈ ਦੇਸ਼-ਵਿਦੇਸ਼ ਅੰਦਰ ਇੱਕ ਵਿਆਪਕ ਮੁਹਿੰਮ ਵਿੱਢੀ ਗਈ ਹੈ, ਜਿਸ ਨੂੰ ਦੇਸ਼-ਵਿਦੇਸ਼ ਦੀਆਂ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਵੱਖ-ਵੱਖ ਡੇਰਿਆਂ ਦੇ ਮਹਾਂਪੁਰਸ਼ਾਂ ਵੱਲੋਂ ਆਦਿ ਧਰਮ ਦੀ ਹੋਂਦ ਨੂੰ ਬੁਲੰਦ ਰੱਖਣ ਅਤੇ ਜਨਗਣਨਾ ਵਿੱਚ "ਆਦਿ ਧਰਮ" ਲਿਖਵਾਉਣ ਲਈ ਸੰਗਤਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਸੰਤ ਸਤਵਿੰਦਰ ਹੀਰਾ ਅਤੇ ਆਦਿ ਧਰਮ ਮਿਸ਼ਨ ਦੀ ਟੀਮ ਵੱਲੋਂ ਮਹਾਂਪੁਰਸ਼ਾਂ ਦਾ ਧੰਨਵਾਦ ਕਰਨ ਲਈ ਇਹ ਵਿਸ਼ੇਸ਼ ਦੌਰਾ ਆਰੰਭਿਆ ਗਿਆ ਹੈ।

ਇਸ ਪ੍ਰਭਾਵਸ਼ਾਲੀ ਇਕੱਤਰਤਾ ਦੌਰਾਨ ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ, ਵਰਿੰਦਰ ਬੰਗਾ ਜਨਰਲ ਸਕੱਤਰ, ਓ.ਪੀ. ਰਾਣਾ (ਮੀਡੀਆ ਸਕੱਤਰ), ਹਰਜੀਤ ਰਾਮ, ਜਗਤ ਰਾਮ ਭੱਟੀ, ਹੰਸ ਰਾਜ ਪ੍ਰਧਾਨ, ਸੁਰੇਸ਼ ਕੁਮਾਰ ਫੌਜੀ, ਤਰਸੇਮ ਲਾਲ, ਦਵਿੰਦਰਪਾਲ ਰਵੀ, ਪੱਪੂ, ਰਾਣਾ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਬਲਾਚੌਰ ਸਦਰ ਦੇ ਨਵੇਂ ਐਸ.ਐਚ.ਓ. ਰੁਬਨੀਵ ਸਿੰਘ ਬਾਜਵਾ ਵੱਲੋਂ ਅਹੁਦਾ ਸੰਭਾਲਦਿਆਂ ਹੀ ਮਾੜੇ ਅਨਸਰਾਂ ਨੂੰ ਕਰੜੀ ਚੇਤਾਵਨੀ

**ਬਲਾਚੌਰ, 23 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ):**ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਅਤੇ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕਰਨ ਦੇ ਉਦੇਸ਼ ਨਾਲ ਇੰਸਪੈਕਟਰ ਰੁਬਨੀਵ ਸਿੰਘ ਬਾਜਵਾ ਨੇ ਅੱਜ ਤਹਿਸੀਲ ਬਲਾਚੌਰ ਦੇ ਸਦਰ ਥਾਣੇ ਵਿੱਚ ਬਤੌਰ ਐਸ.ਐਚ.ਓ. ਆਪਣਾ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਇੰਸਪੈਕਟਰ ਬਾਜਵਾ ਇੱਕ ਬਹਤਰੀਨ ਤੇ ਤਜ਼ਰਬੇਕਾਰ ਅਧਿਕਾਰੀ ਹਨ, ਜੋ ਇਸ ਤੋਂ ਪਹਿਲਾਂ ਵੀ ਸਦਰ ਬੰਗਾ, ਸਦਰ ਨਵਾਂਸ਼ਹਿਰ ਸਮੇਤ ਕਈ ਅਹਿਮ ਸਟੇਸ਼ਨਾਂ 'ਤੇ ਬਤੌਰ ਐਸ.ਐਚ.ਓ. ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਕੇ ਆਪਣੀ ਕਾਰਜਸ਼ੈਲੀ ਦਾ ਲੋਹਾ ਮਨਵਾ ਚੁੱਕੇ ਹਨ।

ਅਹੁਦਾ ਸੰਭਾਲਦਿਆਂ ਹੀ ਇੰਸਪੈਕਟਰ ਰੁਬਨੀਵ ਸਿੰਘ ਬਾਜਵਾ ਨੇ ਨਸ਼ਾ ਤਸਕਰਾਂ ਅਤੇ



ਮਾੜੇ ਅਨਸਰਾਂ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਕੀਤੀ। ਉਨ੍ਹਾਂ ਕਿਹਾ, "ਜਿਹੜੇ ਲੋਕ ਨਸ਼ਾ ਵੇਚਦੇ ਹਨ ਜਾਂ ਨਸ਼ੇ ਦੇ ਕਾਰੋਬਾਰ ਵਿੱਚ ਲਿਪਤ ਹਨ, ਉਹ ਜਾਂ ਤਾਂ ਇਹ ਗਲਤ ਕੰਮ ਤੁਰੰਤ ਬੰਦ ਕਰ ਦੇਣ ਜਾਂ ਫਿਰ ਜੇਲ੍ਹ ਦੀਆਂ ਸੀਖਾਂ ਪਿੱਛੇ ਜਾਣ ਲਈ ਤਿਆਰ ਰਹਿਣ।" ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਿਆਂ ਵਿਰੁੱਧ ਕੋਈ ਵੀ ਲਿਹਾਜ਼ ਨਹੀਂ ਵਰਤਿਆ ਜਾਵੇਗਾ ਅਤੇ ਪੁਲਿਸ ਨਸ਼ੇ ਦੀ ਸਪਲਾਈ ਲਾਈਨ ਨੂੰ ਤੋੜਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਨਵੇਂ ਐਸ.ਐਚ.ਓ. ਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਇਲਾਕੇ ਵਿੱਚ ਬਜ਼ੁਰਗਾਂ ਅਤੇ ਔਰਤਾਂ ਦੀ ਸੁਰੱਖਿਆ ਅਤੇ ਸਨਮਾਨ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੋ ਵੀ ਸ਼ਰਾਰਤੀ ਅਨਸਰ ਮਹਿਲਾਵਾਂ ਜਾਂ ਬਜ਼ੁਰਗਾਂ ਨਾਲ ਬਦਸਲੂਕੀ ਕਰੇਗਾ, ਉਸ 'ਤੇ ਤੁਰੰਤ ਸ਼ਿਕੰਜਾ ਕੱਸਿਆ ਜਾਵੇਗਾ। ਅਜਿਹੇ ਗਲਤ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾਣਗੀਆਂ। ਉਨ੍ਹਾਂ ਸਾਫ਼ ਕੀਤਾ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਅਮਨ-ਸ਼ਾਂਤੀ ਭੰਗ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੰਤ ਵਿੱਚ, ਐਸ.ਐਚ.ਓ. ਬਾਜਵਾ ਨੇ ਸ਼ਹਿਰ ਅਤੇ ਪਿੰਡਾਂ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੁਲਿਸ ਪ੍ਰਸ਼ਾਸਨ ਦਾ ਪੂਰਨ ਸਹਿਯੋਗ ਕਰਨ ਤਾਂ ਜੋ ਬਲਾਚੌਰ ਨੂੰ ਇੱਕ ਸੁਰੱਖਿਅਤ, ਸ਼ਾਂਤਮਈ ਅਤੇ ਨਸ਼ਾ ਮੁਕਤ ਸ਼ਹਿਰ ਬਣਾਇਆ ਜਾ ਸਕੇ।

## ਮੁਬਾਰਕਬਾਦ ਅਤੇ ਸ਼ੁਭ ਕਾਮਨਾਵਾਂ

ਮਿੱਡਾ ਫੈਮਿਲੀ ਦੀ ਧੀ ਰਾਣੀ ਨਾਂ ਜਿਸ ਦਾ ਅਵਨੂਰ ।
ਕਿਰਪਾਲ ਕੌਰ ਜਗਜੀਤ ਸਿੰਘ ਦੇ ਹੈ ਵਿਹੜੇ ਦਾ ਨੂਰ ।
ਸ਼ਹਿਰ ਮਲੇਰਕੋਟਲੇ ਤੋਂ ਛੇ ਸੱਤ ਕੁ ਮੀਲ ਹੈ ਦੂਰ ।
ਪੜ੍ਹ ਲਿਖ ਕੇ ਪਿੰਡ ਰੁੜਕੀ ਕਲਾਂ ਦਾ ਨਾਮ ਕਰੇ ਮਸ਼ਹੂਰ।
ਚੌਵੀ ਜੁਲਾਈ ਦਾ ਉਹ ਵੇਲ਼ਾ ਓਹੀ ਘੜੀ ਹੈ ਆਈ ।
ਜਨਮ ਦਿਵਸ ਦੀ ਪਿੰਡ ਰੰਚਣਾਂ ਵਾਲ਼ੇ ਵੱਲੋਂ ਵਧਾਈ ।
ਦਾਦਾ ਜੀ ਨਾ ਰਲ਼ ਕੇ ਪਵਨ ਪੰਜਾਬੀ ਖ਼ੁਸ਼ੀ ਮਨਾਈ ।
ਕਹਿਣ ਸਿਆਣੇ ਖ਼ੁਸ਼ੀ ਵੰਡਿਆਂ ਹੋ ਜਾਏ ਦੂਣ ਸਵਾਈ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

## ਕਵਿਤਾ

ਜਿਹਦੀ ਜੇਬ ਵਿੱਚ ਖੜਕਦੇ ਨੋਟ ਚੋਖੇ
ਹਰ ਬੰਦਾ ਫਿਰ ਉਹਦੇ ਕਰੀਬ ਹੁੰਦਾ।

ਚਾਰੇ ਪਾਸਿਉਂ ਵੱਜਣ ਸਲੂਟ ਉਸਨੂੰ
ਟੌਹਰ ਓਸਦਾ ਬੜਾ ਅਜ਼ੀਬ ਹੁੰਦਾ।

ਮੂਰਖ ਤਾਈਂ ਬਿਠਾਵੇ ਤਖ਼ਤ ਉੱਤੇ
ਪੈਸਾ ਐਸੀ 'ਬਲਦੇਵ' ਜੀ ਚੀਜ ਹੁੰਦਾ।

ਹਰ ਸ਼ੈਅ ਇਨਸਾਨ ਖਰੀਦ ਸਕਦੈ, ਪਰ...
ਪੈਸੇ ਨਾਲ ਨਹੀ ਪਿਆਰ ਖਰੀਦ ਹੁੰਦਾ।

ਔਗੁਣ ਦੂਜਿਆਂ ਦੇ ਲੱਭਦਾ ਫਿਰੇ ਬੰਦਾ
ਕਦੇ ਆਪਣਾ ਆਪ ਵਿਚਾਰਦਾ ਈ ਨਹੀ।

ਮਜ਼ਾ ਲਵੇ ਸੁਣ ਨਿੰਦਿਆ ਦੂਜਿਆਂ ਦੀ
ਗੁਣ ਕਿਸੇ ਦੇ ਕੋਈ ਸਹਾਰਦਾ ਈ ਨਹੀ।

ਪੈਸੇ ਵਾਲੇ ਨੂੰ ਕਰਦੀ ਹੈ ਪਿਆਰ ਦੁਨੀਆਂ
ਮਾੜਤੂ ਬੰਦੇ ਨੂੰ ਕੋਈ ਪਿਆਰਦਾ ਈ ਨਹੀ।

ਮਿੱਟੀ ਦੂਜਿਆਂ ਦੀ ਜਾਣ 'ਬਲਦੇਵ' ਪੱਟੀ
ਆਪਣੀ ਪੀੜ੍ਹੀ ਹੇਠ ਸੋਟਾ ਕੋਈ ਮਾਰਦਾ ਈ ਨਹੀ।



**ਬਲਦੇਵ ਸਿੰਘ "ਪੂਨੀਆਂ"**

## ਅੱਛੇ ਦਿਨ

ਡਾਇਰ ਦੀ ਰੂਹ
ਖੁਸ਼ ਹੋਵੇ ਗੀ
ਕਿ ਜਿਹੜੇ ਗੁਲਾਮ ਮੁਲਕ 'ਚ
ਉਸ ਨੇ ਕਦੇ
ਨਿਹਥਿਆਂ 'ਤੇ
ਚਲਾਈਆਂ ਸੀ ਗੋਲੀਆਂ
ਹੁਣ
ਉਸ ਅਜ਼ਾਦ ਮੁਲਕ 'ਚ
ਬਗਲੇ ਭਗਤਾਂ ਦੇ
ਰਾਜ 'ਚ
ਕਦੇ 84 ਦੇ ਸ਼ੋਲੇ
ਭੜਕਣ
ਕਦੇ ਭਗਵਿਆਂ ਦੀ
ਛਤਰ ਛਾਇਆ 'ਚ
ਗੁਜਰਾਤ ਵਿਚ ਬੇਕਸੂਰ
ਦਾਣਿਆਂ ਵਾਂਗ
ਭੁੰਨੇ ਜਾਣ
ਅਤੇ
ਕਦੇ ਦਿੱਲੀ ਵਿਚ
ਕੁਰਸੀ ਦੀ ਸ਼ਹਿ 'ਤੇ
ਪੁਲਸ ਦੇ ਨਾਲ
ਕੁਝ ਪਾਲਤੂ ਗੁੰਡੇ ਵੀ
'ਦੇਸ਼ ਦੇ ਭਵਿੱਖ' ਨੂੰ
ਸਬਕ ਸਿਖਾਉਣ।
ਇਸ ਤੋਂ ਅੱਛੇ ਦਿਨ
ਹੋਰ ਕਿਹੜੇ ਹੋਣ ਗੇ?



**ਰਵਿੰਦਰ ਸਿੰਘ ਸੋਢੀ (ਕੈਲਗਰੀ)**

## "ਦੇਖਿਓ ਜਾਂ ਬਰਨਾਲੇ"

ਭੁੱਖੇ ਢਿੱਡ ਨਾਂ ਹੋਵੇ ਗੁਜ਼ਾਰਾ,
ਤਿਲ ਤਿਲ ਮਰਦਾ ਟੱਬਰ ਸਾਰਾ
ਧਰਨੇ ਲਾ ਕੇ ਡੀ.ਏ. ਮੰਗਦੇ ਇਹ
ਲਾਉਂਦੇ ਆ ਲਾਰੇ
ਮਾਵਾਂ ਧੀਆਂ ਦਾ ਸਤਿਕਾਰ ਹੋ ਰਿਹਾ
ਦੇਖਿਓ ਜਾ ਬਰਨਾਲੇ

ਜਿਨ੍ਹਾਂ ਨੇ ਸੀ ਸ਼ਹਿਰ ਚਮਕਾਇਆ
ਉਨ੍ਹਾਂ ਦੇ ਸਿਰ ਫੋੜ ਦਿੱਤੇ
ਡੀ.ਏ. ਤਾਂ ਇਹਨਾਂ ਕੀ ਦੇਣਾ ਸੀ
ਹਸਪਤਾਲੀਂ ਤੋਰ ਦਿੱਤੇ
ਤਨਖਾਹਾਂ ਵਿੱਚ ਨਹੀਂ ਵਾਧਾ ਕਰਦੇ
ਬਸ ਲਾਉਂਦੇ ਆ ਲਾਰੇ
ਮਾਵਾਂ ਧੀਆਂ ਦਾ ਸਤਿਕਾਰ ਹੋ ਰਿਹਾ
ਵੇਖਿਓ ਜਾਂ ਬਰਨਾਲੇ

ਗੁਰਮੀਤ ਡੁਮਾਣੇ ਵਾਲਿਆਂ ਆਪਾਂ
ਸਹਿ ਲਏ ਜ਼ੁਲਮ ਬਥੇਰੇ
ਜਿਨ੍ਹਾਂ ਤੇ ਵਿਸ਼ਵਾਸ ਕੀਤਾ ਉਹ
ਨੰਗੇ ਹੋ ਗਏ ਚਿਹਰੇ
ਵੋਟਾਂ ਵੇਲੇ ਸੀ ਹੱਥ ਜੋੜਦੇ ਤੇ ਹੁਣ
ਲੀਡਰ ਬਣ ਗਏ ਸਾਲੇ
ਮਾਵਾਂ ਧੀਆਂ ਦਾ ਸਤਿਕਾਰ ਹੋ ਰਿਹਾ
ਦੇਖਿਓ ਜਾਂ ਬਰਨਾਲੇ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ, ਜਲੰਧਰ**

## ਜਨਮ-ਦਿਨ ਮੁਬਾਰਕ

ਨਾਮ : ਅਵਨੂਰ ਕੌਰ
ਮਾਤਾ : ਕ੍ਰਿਪਾਲ ਕੌਰ
ਪਿਤਾ : ਜਗਜੀਤ ਸਿੰਘ ਮਿੱਡਾ
ਪਿੰਡ : ਰੁੜਕੀ ਕਲਾਂ
(ਮਾਲੇਰਕੋਟਲਾ)



# ਢਾਡੀ ਕੰਧਾਰਾ ਸਿੰਘ ਪੰਨੂੰ ਗੁਰੂ ਹਰਗੋਬਿੰਦ ਢਾਡੀ ਸਭਾ ਦੇ ਸੂਬਾ ਵਿੱਤ ਸਕੱਤਰ ਬਣੇ

**ਬਲਾਚੌਰ 23 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਗੁਰੂ ਹਰਿਗੋਬਿੰਦ ਢਾਡੀ ਸਭਾ ਪੰਜਾਬ ਦੀ ਅਹਿਮ ਮੀਟਿੰਗ ਢਾਡੀ ਕੰਧਾਰਾ ਸਿੰਘ ਪੰਨੂੰ ਦੇ ਘਰ ਪਿੰਡ ਟੰਡੋਹ ਵਿਖੇ ਸਭਾ ਦੇ ਪ੍ਰਧਾਨ ਕਸ਼ਮੀਰ ਸਿੰਘ ਕਾਦਰ ਦੀ ਪ੍ਰਧਾਨਗੀ ਹੇਠ ਹੋਈ । ਇਸ ਮੀਟਿੰਗ ਵਿੱਚ ਢਾਡੀ ਸਿੰਘਾਂ ਨੂੰ ਆ ਰਹੀਆਂ ਮੁਸ਼ਕਿਲਾਂ ਵਾਰੇ ਅਹਿਮ ਮੁੱਦੇ ਵਿਚਾਰੇ ਗਏ । ਬਾਬਾ ਬੋਹੜ ਢਾਡੀ ਕੰਧਾਰਾ ਸਿੰਘ ਪੰਨੂੰ ਨੇ ਮੀਟਿੰਗ ਵਿੱਚ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮੈਂ ਆਪਣੀ ਜਿੰਦਗੀ ਦੇ ਪੰਜਾਹ ਸਾਲ ਢਾਡੀ ਕਲਾ ਦੀ ਸੇਵਾ ਕੀਤੀ ਪਰ ਕਿਸੇ ਵੀ ਸਰਕਾਰ ਨੇ ਮੈਨੂੰ ਬਣਦਾ ਸਨਮਾਨ ਨਹੀਂ ਦਿੱਤਾ। ਢਾਡੀ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਕਾਦਰ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਵਿਰਾਸਤੀ ਕਲਾ ਨਾਲੋ ਟੁੱਟ ਕੇ ਪੋਪ ਸੰਗੀਤ ਦੀ ਦੀਵਾਨੀ ਬਣਦੀ ਜਾ ਰਹੀ ਹੈ ਇਸ ਦਾ ਸਿੱਧਾ ਕਾਰਨ ਇਹ ਹੈ ਕਿ ਸਰਕਾਰਾਂ ਵਲੋਂ ਢਾਡੀ ਕਲਾ ਤੇ ਢਾਡੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ । ਇਸ ਮੀਟਿੰਗ ਵਿੱਚ ਪੰਥਕ ਬਜ਼ੁਰਗ ਬਾਬਾ ਬੋਹੜ ਢਾਡੀ ਗਿਆਨੀ ਕੰਧਾਰਾ ਸਿੰਘ ਪੰਨੂੰ ਨੂੰ ਸਰਬ ਸੰਮਤੀ ਨਾਲ ਗੁਰੂ ਹਰਗੋਬਿੰਦ



ਢਾਡੀ ਸਭਾ ਪੰਜਾਬ ਦਾ ਵਿੱਤ ਸਕੱਤਰ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਸਭਾ ਵੱਲੋਂ ਪੰਜਾਬ ਭਰ ਵਿੱਚ ਜ਼ਿਲਾ ਪ੍ਰਧਾਨ ਲਗਾਏ ਜਾਣਗੇ ਅਤੇ ਢਾਡੀਆਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਲਈ ਅਤੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਢਾਡੀ ਦਰਬਾਰ ਕਰਵਾਏ ਜਾਣਗੇ। ਇਸ ਮੌਕੇ ਗੁਰੂ ਹਰਗੋਬਿੰਦ ਢਾਡੀ ਸਭਾ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਕਾਦਰ ਵਲੋਂ ਗਿਆਨੀ ਕੰਧਾਰਾ ਸਿੰਘ ਪੰਨੂੰ ਨੂੰ ਨਿਯੁਕਤੀ ਪੱਤਰ ਸੌਂਪਿਆ ਗਿਆ । ਇਸ ਮੀਟਿੰਗ ਵਿੱਚ ਪੰਜਾਬ ਦੇ ਪ੍ਰਧਾਨ ਕਸ਼ਮੀਰ ਸਿੰਘ ਕਾਦਰ, ਢਾਡੀ ਕੰਧਾਰਾ ਸਿੰਘ ਵਿੱਤ ਸਕੱਤਰ, ਢਾਡੀ ਹਰਪਾਲ ਸਿੰਘ ਫਗਵਾੜਾ, ਸ਼ਮਸ਼ੇਰ ਸਿੰਘ ਭੋਜੇ ਮਾਜਰਾ, ਢਾਡੀ ਹਰਪ੍ਰੀਤ ਸਿੰਘ ਹੀਰਾ, ਸੋਹਣ ਸਿੰਘ ਚਾਹਲ ਬੀਬੀ ਸੰਦੀਪ ਕੌਰ ਜਨਰਲ ਸਕੱਤਰ ਪੰਜਾਬ ਆਦਿ ਢਾਡੀ ਸਿੰਘ ਹਾਜ਼ਿਰ ਸਨ।

# ਸੜਕਾਂ,ਪੁਲ, ਸੀਵਰੇਜ ਤੇ ਨਹਿਰੀ ਪਾਣੀ ਨਾਲ ਬਲਾਚੌਰ ਹਲਕੇ ਦਾ ਹੋ ਰਿਹਾ ਚੌਮੁਖੀ ਵਿਕਾਸ: ਸਰਪੰਚ ਭੂੰਬਲਾ

**ਬਲਾਚੌਰ 23 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )**ਸ਼ਾਂਤ ਅਤੇ ਨਿਰਮਲ ਸੁਭਾਅ ਦੀ ਮਾਲਕ ਸੰਤੋਸ਼ ਕਟਾਰੀਆ ਵਿਧਾਇਕਾ ਵਿਧਾਨ ਸਭਾ ਹਲਕਾ ਬਲਾਚੌਰ ਦੀ ਯੋਗ ਅਗਵਾਈ ਹੇਠ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਨਾਲ ਸਮੁੱਚੇ ਹਲਕੇ ਦੀ ਨੁਹਾਰ ਬਦਲ ਰਹੀ ਹੈ। ਇਹ ਪ੍ਰਗਟਾਵਾ ਸਰਪੰਚ ਰਾਮ ਸਰੂਪ ਭੂੰਬਲਾ ਭੂਰੀਵਾਲੇ ਮਾਲੇਵਾਲ ਨੇ ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਵਿਧਾਇਕਾ ਸੰਤੋਸ਼ ਕਟਾਰੀਆ ਦੇ ਨਿਰਦੇਸ਼ਾਂ ਤਹਿਤ ਜਿੱਥੇ ਸੜਕਾਂ, ਪੁਲੀਆਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਵੱਡੀ ਤਰਜੀਹ ਦਿੱਤੀ ਜਾ ਰਹੀ ਹੈ, ਉੱਥੇ ਹੀ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਆਮ ਲੋਕਾਂ ਦੇ ਘਰ-ਘਰ



ਤੱਕ ਪਹੁੰਚਾਇਆ ਜਾ ਰਿਹਾ ਹੈ।ਸਰਪੰਚ ਰਾਮ ਸਰੂਪ ਭੂੰਬਲਾ ਨੇ ਦੱਸਿਆ ਕਿ ਹਲਕੇ ਅੰਦਰ ਵਿਕਾਸ ਕਾਰਜਾਂ ਦੀ ਲੜੀ ਤਹਿਤ ਵੱਡੇ ਪੱਧਰ 'ਤੇ ਕੰਮ ਮੁਕੰਮਲ ਕੀਤੇ ਗਏ ਹਨ ਇਸੇ ਲੜੀ ਤਹਿਤ ਪਿੰਡ ਭੂਰੀਵਾਲੇ ਮਾਲੇਵਾਲ ਵਿਖੇ ਧਾਰਮਿਕ ਅਸਥਾਨ ਸਿੱਧ ਬਾਬਾ ਜੰਬੂ ਜੀਤ ਜੀ ਦੇ ਸਥਾਨ ਨੂੰ ਜਾਣ ਵਾਲੀ ਸੜਕ ਨੂੰ ਚੌੜਾ ਕਰਕੇ 12.50 ਫੁੱਟ ਬਣਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਲਗਭਗ 1.50 ਕਿਲੋਮੀਟਰ ਸੜਕ ਨੂੰ ਕੰਕਰੀਟ ਨਾਲ 18 ਫੁੱਟ ਚੌੜਾ ਕਰਕੇ ਬਣਾਇਆ ਗਿਆ ਹੈ।ਪਿੰਡ ਵਿੱਚ 8 ਗਲੀਆਂ ਪੱਕੀਆਂ ਕੀਤੀਆਂ ਗਈਆਂ ਹਨ ਅਤੇ 1500 ਫੁੱਟ ਦੇ ਕਰੀਬ ਸੀਵਰੇਜ ਪਾਈਪ ਲਾਈਨਾਂ ਪਾਈਆਂ ਗਈਆਂ ਹਨ।ਖੱਡ ਅਤੇ ਕਿਸਾਨਾਂ ਦੇ ਖੇਤਾਂ ਨੂੰ ਖੋਰੇ ਤੋਂ ਬਚਾਉਣ ਲਈ ਲੱਖਾਂ ਰੁਪਏ ਦੀ ਲਾਗਤ ਨਾਲ ਡੰਗੇ ਪੱਕੀਆਂ ਦਿਵਾਰਾਂ ਲਗਾਏ ਗਏ ਹਨ।ਪਿੰਡ ਦੇ ਦੋਨਾਂ ਸਕੂਲਾਂ ਦੇ ਸੁਧਾਰ ਲਈ ਲਗਭਗ 40 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ ਅਤੇ ਖੇਤੀਬਾੜੀ ਲਈ ਨਹਿਰੀ ਪਾਣੀ ਦੀ ਸੁਵਿਧਾ ਵੀ ਯਕੀਨੀ ਬਣਾਈ ਗਈ ਹੈ।ਸਰਪੰਚ ਭੂੰਬਲਾ ਨੇ ਅੱਗੇ ਆਖਿਆ ਕਿ ਵਿਧਾਇਕਾ ਸੰਤੋਸ਼ ਕਟਾਰੀਆ ਇਲਾਕੇ ਦੇ ਹਰਮਨਪਿਆਰੇ ਆਗੂ ਹਨ, ਜਿਨ੍ਹਾਂ ਨੇ ਆਪਣੇ ਕੰਮਾਂ ਨਾਲ ਹਰ ਵਰਗ ਦਾ ਦਿਲ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਹਲਕੇ ਦੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ।

# ਹਠੂਰ ਦੀ ਮੁੱਖ ਫਿਰਨੀ ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ

**ਰਾਏਕੋਟ, ਜੁਲਾਈ ਗੁਰਭਿੰਦਰ ਗੁਰੀ**

ਹਠੂਰ ਦੀ ਮੁੱਖ ਫਿਰਨੀ ਤੇ ਪ੍ਰੀਮਿਕਸ ਪਾਉਣ ਦਾ ਕੰਮ ਅੱਜ ਆਮ-ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਭਾਈ ਤਰਸੇਮ ਸਿੰਘ ਖਾਲਸਾ ਨੇ ਸ਼ੁਰੂ ਕਰਵਾਇਆ।ਇਸ ਮੌਕੇ ਪ੍ਰਧਾਨ ਤਰਸੇਮ ਸਿੰਘ ਖਾਲਸਾ ਨੇ ਦੱਸਿਆ ਕਿ ਇਹ ਸੜਕ ਹਠੂਰ ਦੇ ਮੇਨ ਬੱਸ ਸਟੈਡ ਤੋ ਲੈ ਕੇ ਸਰਕਾਰੀ ਹਸਪਤਾਲ ਹਠੂਰ ਦੇ ਮੁੱਖ ਗੇਟ ਤੱਕ ਲਗਭਗ ਦੋ ਕਿਲੋਮੀਟਰ ਬਣਾਈ ਜਾਵੇਗੀ।ਉਨ੍ਹਾ ਦੱਸਿਆ ਕਿ ਇਹ ਸੜਕ ਦਸ ਸਾਲਾ ਤੋ ਬੁਰੀ ਤਰ੍ਹਾ ਟੁੱਟੀ ਹੋਣ ਕਰਕੇ ਬਰਸਾਤ ਦਾ ਪਾਣੀ ਸੜਕ ਤੇ ਖੜ੍ਹ ਜਾਦਾ ਸੀ,ਜੋ ਹਠੂਰ ਵਾਸੀਆ ਲਈ ਵੱਡੀ ਸਮੱਸਿਆ ਬਣੀ ਹੋਈ ਸੀ ਇਸ ਸਮੱਸਿਆ ਨੂੰ ਮੱਦੇਨਜਰ



ਰੱਖਦਿਆ ਪੰਜਾਬ ਦੀ ਆਪ ਸਰਕਾਰ ਵੱਲੋ ਇਹ ਸੜਕ ਬਣਾਈ ਗਈ ਹੈ।ਇਸ ਮੌਕੇ ਸਿੱਖਿਆ ਕ੍ਰਾਂਤੀ ਬਲਾਕ ਪ੍ਰਧਾਨ ਸੁਖਚੈਨ ਸਿੰਘ ਹਠੂਰ ਨੇ ਹਲਕਾ ਵਿਧਾਇਕਾ ਬੀਬੀ ਸਰਜਬੀਤ ਕੌਰ ਮਾਣੂੰਕੇ,ਮਾਰਕੀਟ ਕਮੇਟੀ ਹਠੂਰ ਦੇ ਚੇਅਰਮੈਨ ਕਰਮਜੀਤ ਸਿੰਘ ਕੰਮੀ ਡੱਲਾ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾ ਨਾਲ ਪੰਜਾਬ ਮੰਡੀਕਰਨ ਬੋਰਡ ਦੇ ਜੇ ਈ ਪ੍ਰਮਿੰਦਰ ਸਿੰਘ,ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ,ਪੰਚ ਰਣਜੋਧ ਸਿੰਘ ਜੋਧਾ,ਯੂਥ ਵਿੰਗ ਦੇ ਬਲਾਕ ਕੋਆਰਡੀਨੇਟਰ ਬਲਵਿੰਦਰ ਸਿੰਘ,ਪੰਚ ਦੇਸ ਰਾਜ ਖਾਲਸਾ, ਪੰਚ ਅਮਨਦੀਪ ਸਿੰਘ ਅੰਮ੍ਰਿ, ਸਾਬਕਾ ਪੰਚ ਅਮਨਪ੍ਰੀਤ ਸਿੰਘ ਫਰਵਾਹਾ, ਪੰਚ ਜਗਦੀਪ ਸਿੰਘ, ਪੰਚ ਹਰਪ੍ਰੀਤ ਸਿੰਘ, ਪੰਚ ਜਗਦੇਵ ਸਿੰਘ, ਪੰਚ ਗੁਰ-ਚਰਨ ਸਿੰਘ, ਹਰਪ੍ਰੀਤ ਸਿੰਘ, ਸਾਬਕਾ ਪੰਚ ਹਰਜਿੰਦਰ ਸਿੰਘ, ਨੰਬੜਦਾਰ ਮੇਹਰਦੀਪ ਸਿੰਘ, ਕਰਮਜੀਤ ਸਿੰਘ ਕਰਮਾ, ਦਵਿੰਦਰ ਸਿੰਘ ਗਰੇਵਾਲ, ਪ੍ਰਧਾਨ ਅਮਰ ਸਿੰਘ, ਪ੍ਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਬਦਲੀ ਤਸਵੀਰ - ਬ੍ਰਹਮ ਸ਼ੰਕਰ ਜਿੰਪਾ

### ਵਿਧਾਇਕ ਨੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**

ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੱਪਲਾਂਵਾਲਾ ਵਿਖੇ ਕਰਵਾਏ ਇੱਕ ਪ੍ਰੋਗਰਾਮ ਦੌਰਾਨ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ। ਉਨ੍ਹਾਂ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਅਤੇ ਉੱਜਵਲ ਭਵਿੱਖ ਲਈ ਪ੍ਰੇਰਿਤ ਕੀਤਾ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ ਖੇਤਰ ਵਿੱਚ ਇਤਿਹਾਸਕ ਬਦਲਾਅ ਕੀਤੇ ਹਨ, ਜਿਸ ਦੇ ਨਤੀਜੇ ਵਜੋਂ ਅੱਜ ਪੰਜਾਬ ਪੂਰੇ ਦੇਸ਼ ਵਿੱਚ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸਥਾਨ 'ਤੇ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ



ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਕੀਤਾ ਗਿਆ ਹੈ ਅਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਿਆਪਕ ਸੁਧਾਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਆਧੁਨਿਕ ਪ੍ਰਯੋਗਸ਼ਾਲਾਵਾਂ, ਬਿਹਤਰ ਫਰਨੀਚਰ, ਸਾਫ਼-ਸੁਥਰਾ ਵਾਤਾਵਰਣ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ, ਜਿਸ ਕਾਰਨ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਵਾਂਗ ਸ਼ਾਨਦਾਰ ਵਿਦਿਅਕ ਮਾਹੌਲ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰੇਕ ਬੱਚੇ ਨੂੰ ਮਿਆਰੀ ਅਤੇ ਬਰਾਬਰ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕੇ। ਵਿਧਾਇਕ ਜਿੰਪਾ ਨੇ ਵਿਦਿਆਰਥੀਆਂ ਨੂੰ ਲਗਨ ਨਾਲ ਪੜ੍ਹਾਈ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਰਕਾਰ ਉਨ੍ਹਾਂ ਨੂੰ ਹਰ ਸੰਭਵ ਸਹੂਲਤ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਦੀ ਇਹ ਮੁਹਿੰਮ ਜਾਰੀ ਰਹੇਗੀ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਵੈਸ਼ਾਲੀ ਚੱਢਾ, ਦੀਪਕ ਵਸ਼ਿਸ਼ਟ, ਕੌਂਸਲਰ ਜਸਵੰਤ ਰਾਏ, ਕੌਂਸਲਰ ਰਾਜ ਰਾਣੀ, ਯੂਥ ਕੋਆਰਡੀਨੇਟਰ ਪ੍ਰਿਤਪਾਲ, ਲੱਖਬੀਰ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਸਿੱਖਿਆ ਬੋਰਡ ਦਾ ਕਮਾਲ 5ਵੀਂ ਦਾ ਡੁਪਲੀਕੇਟ ਸਰਟੀਫੀਕੇਟ ਲੈਣ ਲਈ ਬੋਰਡ ਦੀ ਫੀਸ 900 ਰੁਪਏ

## ਹਰ ਸਾਲ 5ਵੀਂ ਤੋਂ 8ਵੀਂ ਤੱਕ ਹਾਰਡ ਸਰਟੀਫਿਕੇਟ ਜਾਰੀ ਦੀ ਫੀਸ 200 ਤੋਂ 250 ਰੁਪਏ ਪਤੀ ਵਿਦਿਆਰਥੀ – ਜੈ ਗੋਪਾਲ ਧੀਮਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰਾਈਟ ਟੂ ਐਜੁਕੇਸ਼ਨ ਐਕਟ 2009 ਅਧੀਨ 8ਵੀਂ ਤੱਕ ਸਿੱਖਿਆ ਮੁਫ਼ਤ ਅਤੇ ਲਾਜਮੀ ਹੈ, ਪਰ ਸਭ ਕੁਝ ਕਹਿਣ ਨੂੰ ਹੀ ਹੈ। ਅਸਲ ਵਿਚ ਬੱਚਿਆਂ ਤੋਂ ਕਿਸੇ ਵੀ ਰੂਪ ਵਿਚ ਫੀਸਾਂ ਲੈਣੀਆਂ ਗੈਰ ਸੰਵਿਧਾਨਕ ਹੈ। ਕਿਸੇ ਵੀ ਤਰਾਂ ਦੀਆਂ ਫੀਸਾਂ ਲੈਣੀਆਂ ਕਿਸੇ ਵੀ ਹਾਲਤ ਵਿਚ ਉਚਿਤ ਨਹੀਂ। ਇਸ ਸਬੰਧੀ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਬੱਚਿਆਂ ਤੋਂ ਹਰ ਸਾਲ 5ਵੀਂ ਤੋਂ 8ਵੀਂ ਤੱਕ ਸਰਟੀਫਿਕੇਟ ਦੀ ਫੀਸ 250 ਰੁ: ਸਲਾਨਾ ਲੈਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਨੇ ਆਪ ਹੀ ਆਰਟੀਈ ਐਟਕ 2009 ਬਣਾਇਆ ਅਤੇ ਆਪੇ ਹੀ ਉਸ ਦੀ ਉਲੰਘਣਾ ਕਰਨ ਦੀ ਭੂਮਿਕਾ ਨਿਭਾ ਰਹੀ ਹੈ। ਹੈਰਾਨੀ ਇਹ ਵੀ ਹੈ ਕਿ ਬੱਚਿਆਂ ਤੋਂ ਸਰਟੀਫਿਕੇਟਾ ਦੇ ਪੈਸੇ ਲੈਣ ਤੋਂ ਬਾਅਦ ਕੋਈ ਵੀ ਰਸੀਦ ਜਾਰੀ ਨਹੀਂ ਕੀਤੀ ਜਾਂਦੀ ਜੋ ਕਿ ਹੋਰ ਵੀ ਵੱਡੀ ਗਲਤੀ ਹੈ ਤੇ ਬਿਨ੍ਹਾਂ ਰਸੀਦ ਤੋਂ ਪੈਸੇ ਲੈਣੇ ਪੂਰੀ ਤਰ੍ਹਾਂ ਗੈਰ ਸੰਵਿਧਾਨਕ ਹੈ। ਇਸੇ ਬਹਾਨੇ ਪੰਜਾਬ ਸਕੂਲ ਸਿੱਖਿਆ ਬੋਰਡ ਹਰ ਸਾਲ ਕਰੋੜਾਂ ਰੁਪਏ ਆਰਟੀਈ ਐਕਟ 2009 ਦੇ ਅਧੀਨ ਪੜ੍ਹਣ ਵਾਲੇ ਬੱਚਿਆਂ ਤੋਂ ਵਸੂਲ ਰਿਹਾ ਹੈ। ਅਗਰ ਅਜਿਹਾ ਹੀ ਕਰਨਾ ਹੈ ਤੇ ਫਿਰ ਮੁਫ਼ਤ ਲਾਜਮੀ ਸਿੱਖਿਆ ਦਾ ਕੀ ਅਧਾਰ ਰਹਿ ਗਿਆ ? ਇਹ ਬਹੁਤ ਹੀ ਦੁਖਦਾਈ ਗੱਲ ਹੈ ਕਿ ਸਰਕਾਰੀ ਸਕੂਲਾ ਵਿਚ ਗਰੀਬ ਪਰਿਵਾਰਾਂ ਦੇ ਪੜ੍ਹਣ ਵਾਲੇ ਬੱਚਿਆਂ ਦਾ ਯੋਜਨਾ ਦੇ ਤਹਿਤ ਆਰਥਿਕ



ਸੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 5ਵੀਂ ਦਾ ਡੁਪਲੀਕੇਟ ਸਰਟੀਫਿਕੇਟ ਲੈਣ ਲਈ ਅਣਗਣਿਤ ਸ਼ਰਤਾ ਤਹਿ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿਚ ਸਰਟੀਫਿਕੇਟ ਲੈਣ ਲਈ ਐਫ ਆਈ ਆਰ ਦੀ ਸ਼ਰਤ ਵੀ ਤਹਿ ਕੀਤੀ ਗਹੀ ਹੈ। ਧੀਮਾਨ ਨੇ ਇਕ ਬੱਚੇ ਦੇ ਕੇਸ ਵਿਚ ਡੁਪਲੀਕੇਟ ਡੀਜੀਟਲ ਸਰਟੀਫਿਕੇਟ ਲੇਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਜਿਲਾ ਮੇਨੇਜਰ ਨੂੰ ਸਵਾਲ ਕਰਦਿਆਂ ਕਿਹਾ ਕਿ ਜਦੋਂ ਸਰਟੀਫਿਕੇਟ ਬੱਚੇ ਨੂੰ 2022 ਵਿਚ ਬੋਰਡ ਨੇ ਜਾਰੀ ਹੀ ਨਹੀਂ ਕੀਤਾ ਤੇ ਉਸ ਨੂੰ ਕਿਸ ਅਧਾਰ ਤੇ ਗੁੰਮ ਸਮਝਿਆ ਜਾਵੇਗਾ। ਇਸ ਵਿਚ ਜਿਲਾ ਮੇਨੇਜਰ ਨੇ ਕਿਹਾ ਕਿ ਐਫ ਆਈ ਆਰ ਦੀ ਬੋਰਡ ਦੀਆਂ ਸ਼ਰਤਾਂ ਅਧੀਨ ਲਾਜਮੀ ਹੈ। ਜਦੋਂ ਕਿ ਬੱਚੇ ਨੂੰ ਸਰਟੀਫਿਕੇਟ ਤਾਂ ਮਿਲਿਆ ਹੀ ਨਹੀਂ। ਧੀਮਾਨ ਨੇ ਕਿਹਾ ਕਿ ਬੱਚੇ ਨੂੰ ਸਰਟੀਫਿਕੇਟ ਮਿਲਿਆ ਨਹੀਂ ਤੇ ਉਸ ਨੂੰ ਬਿਨ੍ਹਾਂ ਪ੍ਰਾਪਤ ਕੀਤਿਆਂ ਗੁੰਮ ਕਿਸ ਤਰ੍ਹਾਂ ਮਨਿਆ ਜਾਵੇ ਤੇ ਉਸ ਦੀ ਫਿਰ ਐਫ ਆਈ ਆਰ ਕਿਸੇ ਅਧਾਰ ਤੇ ਕਰਵਾਈ ਜਾਵੇ।ਭਾਵ ਚੀਜ਼ ਗੁੰਮ ਹੋਈ ਨਹੀਂ ਤੇ ਉਸ ਦੀ ਐਫ ਆਈ ਆਰ ਕਿਸ ਤਰ੍ਹਾਂ ਦਰਜ ਕੀਤੀ ਜਾ ਸਕਦੀ ਹੈ ? ਜਦੋਂ ਧੀਮਾਨ ਨੇ ਸਵਾਲ ਕੀਤੇ ਤਾਂ ਜਿਲਾ ਮੈਨੇਜਰ ਨੂੰ ਕੋਈ ਠੋਸ ਜਵਾਬ ਨਹੀਂ ਆਇਆ ਤੇ ਬਾਅਦ ਵਿਚ ਜਿਲਾ ਮੈਨੇਜਰ ਨੇ ਕਿਹਾ ਕਿ ਚਲੋ ਸਵੈ ਘੋਸ਼ਣਾ ਪਤੱਰ ਹੀ ਦਿਓ ਤੇ ਉਸ ਨਾਲ ਕੰਮ ਚਲ ਜਾਵੇਗਾ। ਧੀਮਾਨ ਨੇ ਅੱਗੇ ਕਿਹਾ ਕਿ ਸਰਕਾਰਾਂ ਨੇ ਲੋਕਾਂ ਨੂੰ ਬਿਨ੍ਹਾਂ ਕੁਝ ਸਿਖਾਇਆਂ ਆਨ ਲਾਇਨ ਦਾ ਭੂਤ ਖੜਾ ਕਰਕੇ ਰੱਖ ਦਿਤਾ ਤੇ ਜਦੋਂ 5ਵੀਂ ਤੱਕ ਬੱਚਿਆਂ ਅਤੇ ਉਨ੍ਹਾਂ ਦੇ ਅਨਪੜ੍ਹ ਮਾਪਿਆਂ ਨੂੰ ਤਾਂ ਆਨ ਲਾਇਨ ਸਬੰਧੀ ਕੋਈ ਵੀ ਠੋਸ ਜਾਣਕਾਰੀ ਨਹੀਂ ਤੇ ਫਿਰ ਲੋਕਾਂ ਨੂੰ ਪ੍ਰਾਇਵੇਟ ਚੱਲਦੇ ਇੰਟਰਨੈੱਟ ਕੈਫਿਆਂ ਵਿਚ ਜਾ ਕੇ ਆਰਥਿਕ ਲੁੱਟ ਕਰਵਾਉਣੀ ਪੈਂਦੀ ਹੈ। ਇਸ ਤੋਂ ਇਲਾਵਾ ਨਾ ਹੀ ਬੋਰਡ ਦੇ ਦਫਤਰ ਵਿਚ ਡੁਪਲੀਕੇਟ ਸਰਟੀਫਿਕੇਟ ਲੈਣ ਲਈ ਪੂਰੇ ਫਾਰਮ ਹਨ ਤੇ ਬਾਹਰ ਖੁਲੀਆਂ ਦੁਕਾਨਾ ਦਾ ਹਾਵਾਲਾ ਦੇ ਕੇ ਅਪਣੀ ਜੁੰਮੇਵਾਰੀ ਤੋਂ ਬਚ ਰਹੇ ਹਨ। ਧੀਮਾਨ ਨੇ ਕਿਹਾ ਕਿ ਸਰਕਾਰ ਖੁਦ ਸੋਚੇ ਕਿ ਆਰਟੀਈ ਐਕਟ ਅਧੀਨ ਗਰੀਬ ਪਰਿਵਾਰਾਂ ਦੇ ਬੱਚਿਆਂ ਤੋਂ ਸਰਟੀਫਿਕੇਟਾਂ ਦੀਆਂ ਹਾਰਡ ਕਾਪੀਆਂ ਦੇ ਪੈਸੇ ਲੈਣੇ ਸੰਵਿਧਾਨਕ ਤੌਰ ਤੇ ਸਹੀ ਹਨ ਕਿ ਗਲਤ। ਕੀ ਇਨ੍ਹਾਂ ਗਲਤ ਕੰਮਾਂ ਨੂੰ ਸਿੱਖਿਆ ਕ੍ਰਾਂਤੀ ਕਿਹਾ ਜਾਵੇਗਾ ? ਬੱਚਿਆਂ ਤੋਂ ਸਰਟੀਫਿਕੇਟਾਂ ਦੇ ਨਾਮ ਉਤੇ ਕਰੋੜਾਂ ਰੁਪਏ ਇਕੱਠੇ ਕਰਨੇ ਕਿਸ ਨਿਯਮਾਂ ਦੇ ਅਧੀਨ ਹਨ ? ਜਦੋਂ ਆਰਟ.ਈ ਐਟਕ 2009 ਅਤੇ ਮੂਲ ਸੰਵਿਧਾਨਕ ਅਧਿਕਾਰਾਂ ਦੀ ਗਹਿਰਾਈ ਨੂੰ ਚੰਗੀ ਤਰ੍ਹਾਂ ਜਾਨਣ ਦੀ ਜਰੂਰਤ ਹੈ ਤੇ ਨਾ ਕਿ ਗੱਪਾਂ ਤੇ ਚੁਟਕਲਿਆਂ ਵਿਚ ਲੋਕਾਂ ਨੂੰ ਉਲਝਾ ਕੇ ਆਰਥਿਕ ਸੋਸ਼ਨ ਕਰਨ ਦੀ ? ਧੀਮਾਨ ਨੇ ਇਸ ਮਸਲੇ ਦੀ ਆਰਟੀਈ ਐਕਟ ਦੀ ਉਲੰਘਣਾ ਨੂੰ ਲੈ ਕੇ "ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਇਲਡ ਰਾਇਟਸ" ਦਿੱਲੀ ਨੂੰ ਵੀ ਮੇਲ ਕਰਕੇ ਦਖਲ ਦੀ ਮੰਗ ਕੀਤੀ ਹੈ।

# ਪੰਜਾਬ ਦੀ ਆਪ ਅਤੇ ਕੇਂਦਰ ਦੀ ਭਾਜਪਾ ਸਰਕਾਰ ਇੱਕੋ ਥੈਲੀ ਦੇ ਚੱਟੇ ਵੱਟੇ – ਆਗੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਇੰਡੀਅਨ ਫੇਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਦੀ ਸੂਬਾ ਕਮੇਟੀ ਨੇ ਜੰਤਰ ਮੰਤਰ ਦਿੱਲੀ ਵਿਖੇ ਧਰਨਾਕਾਰੀਆਂ ਉੱਤੇ ਅਤੇ ਪੰਜਾਬ ਦੇ ਖੰਨਾ ਵਿਖੇ ਮਗਨਰੇਗਾ ਕਾਮਿਆਂ ਉੱਤੇ ਅਤੇ ਬਰਨਾਲਾ ਵਿਖੇ ਸਫ਼ਾਈ ਕਰਮਚਾਰੀਆਂ ਉੱਤੇ ਪੁਲਸ ਵੱਲੋਂ ਕੀਤੇ ਗਏ ਬੇਕਿਰਕ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਇਫਟੂ ਨੇ ਸੂਬਾ ਕਮੇਟੀ ਦੀ ਮੀਟਿੰਗ ਕਰਕੇ ਇਹ ਨਿੰਦਾ ਮਤਾ ਪਾਸ ਕੀਤਾ ਹੈ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਕੇਂਦਰੀ ਕਮੇਟੀ ਮੈਂਬਰ ਜੁਗਿੰਦਰਪਾਲ ਅਤੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੇ ਆਗੂ ਦਿੱਲੀ ਵਿੱਚ ਹੋਏ ਲਾਠਚਾਰਜ ਦੀ ਨਿੰਦਾ ਕਰ ਰਹੇ ਹਨ। ਜਦਕਿ ਪੰਜਾਬ ਵਿੱਚ ਹੋਏ ਲਾਠੀਚਾਰਜ ਬਾਰੇ ਬੋਲਣ ਲੱਗਿਆਂ ਉਹਨਾਂ ਦੇ ਮੂੰਹਾਂ ਵਿੱਚ ਘੁੰਗਣੀਆ ਪੈ ਜਾਂਦੀਆਂ ਹਨ। ਇਹੀ ਹਾਲ ਪੰਜਾਬ ਦੇ



ਭਾਜਪਾ ਆਗੂਆਂ ਦਾ ਹੈ। ਉਹ ਪੰਜਾਬ ਵਿੱਚ ਹੋਏ ਪੁਲਸ ਲਾਠੀਚਾਰਜ ਦੇ ਤਾਂ ਵਿਰੁੱਧ ਬੋਲਦੇ ਹਨ, ਪਰ ਦਿੱਲੀ ਵਿੱਚ ਕੀਤੇ ਪੁਲਸ ਲਾਠੀਚਾਰਜ ਉੱਤੇ ਚੁੱਪ ਧਾਰੀ ਬੈਠੇ ਹਨ। ਇਫਟੂ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਦੀ ਆਪ ਸਰਕਾਰ ਅਤੇ ਦਿੱਲੀ ਅਤੇ ਕੇਂਦਰ ਦੀ ਭਾਜਪਾ ਸਰਕਾਰਾਂ ਇਕੋ ਹੀ ਥੈਲੀ ਦੇ ਚੱਟੇ ਵੱਟੇ ਹਨ।ਉਹਨਾਂ ਕਿਹਾ ਕਿ ਇਫਟੂ ਦੀ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਇਫਟੂ ਨਾਲ ਜੁੜੀਆਂ ਜਥੇਬੰਦੀਆਂ ਦੇ ਇਜਲਾਸ ਕਰਨ ਅਤੇ ਇਸ ਉਪਰੰਤ ਇਫਟੂ ਦੇ ਜਿਲਾ ਇਜਲਾਸ ਅਤੇ ਸੂਬਾ ਇਜਲਾਸ ਕਰਨ ਦਾ ਫੈਸਲਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਪਹਿਲਾਂ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਅੰਦਰ ਵਿਕਸਿਤ ਭਾਰਤ ਜੀ ਰਾਮ ਜੀ ਲਾਗੂ ਨਾ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਹੁਣ ਆਪ ਸਰਕਾਰ ਵੱਲੋਂ ਵਿ ਭ ਜੀ ਰਾਮ ਜੀ ਬਾਰੇ ਅਧਿਸੂਚਨਾ (ਨੋਟੀਫਿਕੇਸ਼ਨ) ਜਾਰੀ ਕਰ ਦਿੱਤੀ ਹੈ। ਇਹ ਅਮਲ ਆਪ ਸਰਕਾਰ ਦੇ ਦੋਹਰੇ ਚਰਿੱਤਰ ਨੂੰ ਉਜਾਗਰ ਕਰਦਾ ਹੈ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਸਰਕਾਰ ਦਾ ਮਜਦੂਰ ਵਿਰੋਧੀ ਚਿਹਰਾ ਪੂਰੀ ਤਰ੍ਹਾਂ ਬੇਪਰਦ ਹੋ ਗਿਆ ਹੈ।

# ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਜ਼ਿਲ੍ਹੇ ਦੀਆਂ ਸਮੂਹ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਵਿਸ਼ੇਸ਼ ਗਰਭਵਤੀ ਜਾਂਚ ਕੈਂਪ ਆਯੋਜਿਤ

## ਉਚਿਤ ਇਲਾਜ ਨਾਲ ਮਾਤਰੀ ਮੌਤ ਦਰ ਵਿੱਚ ਕਮੀ ਲਿਆਂਦੀ ਜਾ ਸਕਦੀ ਹੈ – ਡਾ. ਮਨਦੀਪ ਕਮਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਡਾ. ਮਨਦੀਪ ਕਮਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸਮੂਹ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ (ਫੰਸ਼ੰਅ) ਤਹਿਤ ਵਿਸ਼ੇਸ਼ ਗਰਭਵਤੀ ਜਾਂਚ ਕੈਂਪ ਆਯੋਜਿਤ ਕੀਤੇ ਗਏ। ਇਸ ਅਭਿਆਨ ਅਧੀਨ ਗਰਭਵਤੀ ਮਹਿਲਾਵਾਂ ਨੂੰ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਜਣੇਪਾ ਪੂਰਵ ਜਾਂਚ (ਅੰਛ), ਲੋੜੀਂਦੇ ਲੈਬ ਟੈਸਟ, ਦਵਾਈਆਂ, ਸਲਾਹ-ਮਸ਼ਵਰਾ ਅਤੇ ਜੋਖਮ ਮੁਲਾਂਕਣ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਗਰਭਵਤੀ ਮਹਿਲਾਵਾਂ ਲਈ ਵਿਸ਼ੇਸ਼ ਜਾਂਚ ਕੈਂਪ ਲਗਾਏ ਜਾਂਦੇ ਹਨ, ਜਿਨ੍ਹਾਂ ਦਾ ਉਦੇਸ਼ ਦੂਜੀ ਅਤੇ ਤੀਜੀ ਤਿਮਾਹੀ ਦੌਰਾਨ ਗੁਣਵੱਤਾ ਭਰੀ ਅਤੇ ਮੁਫ਼ਤ ਜਣੇਪਾ ਪੂਰਵ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਹੈ। ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਕਿਹਾ ਕਿ ਹਰ ਗਰਭ ਅਵਸਥਾ ਵਿਸ਼ੇਸ਼ ਦੇਖਭਾਲ ਦੀ ਹੱਕਦਾਰ ਹੈ। ਗਰਭਵਤੀ ਮਹਿਲਾਵਾਂ ਦੀ ਨਿਯਮਿਤ ਜਾਂਚ ਰਾਹੀਂ ਅਨੀਮੀਆ, ਉੱਚ ਰਕਤਚਾਪ, ਸ਼ੂਗਰ, ਥਾਇਰਾਇਡ, ਗਰਭ ਨਾਲ ਸੰਬੰਧਿਤ ਹੋਰ ਜਟਿਲਤਾਵਾਂ ਅਤੇ ਉੱਚ-ਜੋਖਮ ਗਰਭ ਅਵਸਥਾਵਾਂ ਦੀ ਸਮੇਂ ਸਿਰ ਪਛਾਣ ਕਰਕੇ ਉਨ੍ਹਾਂ ਦਾ ਇਲਾਜ ਅਤੇ ਉਚਿਤ ਜਨਮ ਯੋਜਨਾ (Birth Plan) ਤਿਆਰ ਕੀਤੀ ਜਾਂਦੀ ਹੈ। ਇਸ ਨਾਲ ਜਣੇਪੇ ਦੌਰਾਨ ਹੋਣ ਵਾਲੀਆਂ ਪੇਚੀਦਗੀਆਂ ਨੂੰ ਘਟਾਉਣ ਦੇ ਨਾਲ-ਨਾਲ ਮਾਤਾ ਅਤੇ ਨਵਜੰਮੇ ਬੱਚੇ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਮੌਕੇ ਗਰਭਵਤੀ ਮਹਿਲਾਵਾਂ ਨੂੰ ਸੰਤੁਲਿਤ ਖੁਰਾਕ, ਆਇਰਨ ਅਤੇ ਫੋਲਿਕ ਐਸਿਡ ਗੋਲੀਆਂ ਦੀ ਨਿਯਮਿਤ ਵਰਤੋਂ,



ਕੈਲਸ਼ੀਅਮ ਸਪਲੀਮੈਂਟ, ਲੋੜੀਂਦੇ ਟੀਕਾਕਰਨ, ਸੰਸਥਾਗਤ ਜਣੇਪੇ, ਜਨਮ ਤੋਂ ਬਾਅਦ ਮਾਂ ਅਤੇ ਬੱਚੇ ਦੀ ਦੇਖਭਾਲ ਅਤੇ ਨਵਜੰਮੇ ਬੱਚੇ ਨੂੰ ਜਨਮ ਦੇ ਪਹਿਲੇ ਘੰਟੇ ਅੰਦਰ ਮਾਂ ਦਾ ਦੁੱਧ ਪਿਲਾਉਣ ਸਬੰਧੀ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਦੀਆਂ ਸਮੂਹ ਸਿਹਤ ਸੰਸਥਾਵਾਂ ਵਿੱਚ ਮਹਿਲਾ ਰੋਗ ਮਾਹਿਰਾਂ, ਮੈਡੀਕਲ ਸਪੈਸ਼ਲਿਸਟਾਂ ਅਤੇ ਪੈਰਾਮੈਡੀਕਲ ਸਟਾਫ਼ ਵੱਲੋਂ ਗਰਭਵਤੀ ਮਹਿਲਾਵਾਂ ਦੀ ਵਿਸਥਾਰਪੂਰਵਕ ਜਾਂਚ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਅਭਿਆਨ ਤਹਿਤ ਦੂਜੀ ਅਤੇ ਤੀਜੀ ਤਿਮਾਹੀ ਦੀ ਹਰ ਗਰਭਵਤੀ ਮਹਿਲਾ ਦੀ ਘੱਟੋ-ਘੱਟ ਇੱਕ ਵਾਰ ਮਾਹਿਰ ਡਾਕਟਰ ਵੱਲੋਂ ਵਿਸ਼ੇਸ਼ ਅੰਛ ਜਾਂਚ ਯਕੀਨੀ ਬਣਾਈ ਜਾਂਦੀ ਹੈ। ਜਿਨ੍ਹਾਂ ਮਹਿਲਾਵਾਂ ਵਿੱਚ ਉੱਚ-ਜੋਖਮ ਗਰਭ ਅਵਸਥਾ ਦੀ ਪਛਾਣ ਹੁੰਦੀ ਹੈ, ਉਨ੍ਹਾਂ ਨੂੰ ਤੁਰੰਤ ਲੋੜੀਂਦਾ ਇਲਾਜ, ਫਾਲੋ-ਅੱਪ ਅਤੇ ਲੋੜ ਪੈਣ 'ਤੇ ਉੱਚ ਸਿਹਤ ਸੰਸਥਾ ਵਿਖੇ ਰੈਫਰ ਕੀਤਾ ਜਾਂਦਾ ਹੈ, ਤਾਂ ਜੋ ਮਾਂ ਅਤੇ ਬੱਚੇ ਦੀ ਸੁਰੱਖਿਅਤ ਡਿਲੀਵਰੀ ਸੁਨਿਸ਼ਚਿਤ ਕੀਤੀ ਜਾ ਸਕੇ।

# ਗੈਰੀ ਲਿਨੇਕਰ ਸਮੇਤ 120 ਕਰੋੜਪਤੀਆਂ ਨੇ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੂੰ ਕਿਹਾ– ਸਾਡੇ 'ਤੇ ਹੋਰ ਟੈਕਸ ਲਗਾਓ

**ਲੈਸਟਰ(ਇੰਗਲੈਂਡ),23 ਜੁਲਾਈ(ਸੁਖਜਿੰਦਰ ਸਿੰਘ ਢੱਡੇ)** - ਸਾਬਕਾ ਫੁੱਟਬਾਲਰ ਅਤੇ ਟੀਵੀ ਪੇਸ਼ਕਾਰ ਗੈਰੀ ਲਿਨੇਕਰ, ਪ੍ਰਸਿੱਧ ਸੰਗੀਤ ਨਿਰਮਾਤਾ ਬ੍ਰਾਇਨ ਇਨੋ ਅਤੇ ਹੋਰ 120 ਅਮੀਰ ਬ੍ਰਿਟਿਸ਼ ਨਾਗਰਿਕਾਂ ਨੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੂੰ ਖੁੱਲ੍ਹਾ ਪੱਤਰ ਲਿਖ ਕੇ ਆਪਣੇ ਉੱਤੇ ਹੋਰ ਟੈਕਸ ਲਗਾਉਣ ਦੀ ਮੰਗ ਕੀਤੀ ਹੈ।

'ਪੈਟਰੀਆਟਿਕ ਮਿਲੀਅਨੇਅਰਜ਼' ਮੁਹਿੰਮ ਤਹਿਤ ਲਿਖੇ ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਦੇਸ਼ ਦੇ ਸਭ ਤੋਂ ਅਮੀਰ ਲੋਕ ਵੱਧ ਟੈਕਸ ਦੇਣ ਦੇ ਸਮਰੱਥ ਹਨ ਅਤੇ ਉਨ੍ਹਾਂ ਦੀ ਦੌਲਤ 'ਤੇ ਵਧੇਰੇ ਟੈਕਸ ਲਗਾ ਕੇ ਸਮਾਜਿਕ ਅਸਮਾਨਤਾ ਨੂੰ ਘਟਾਇਆ ਜਾ ਸਕਦਾ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਇਹ ਮੰਗ ਆਮ ਨੌਕਰੀਪੇਸ਼ਾ ਲੋਕਾਂ ਲਈ ਨਹੀਂ, ਸਗੋਂ ਉਨ੍ਹਾਂ ਲਈ ਹੈ ਜਿਨ੍ਹਾਂ ਦੀ ਆਮਦਨ ਮੁੱਖ ਤੌਰ 'ਤੇ ਉਨ੍ਹਾਂ ਦੀ ਸੰਪਤੀ ਤੋਂ ਹੁੰਦੀ ਹੈ।

ਇਸ ਮੁਹਿੰਮ ਵੱਲੋਂ 1 ਕਰੋੜ ਪੌਂਡ ਤੋਂ ਵੱਧ ਦੀ ਸੰਪਤੀ 'ਤੇ 2 ਫੀਸਦੀ ਦੌਲਤ ਕਰ (ਇਉਲਟਹ ਠਓਣ) ਲਗਾਉਣ ਦੀ ਵਕਾਲਤ ਕੀਤੀ ਗਈ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਦੇਸ਼ ਦੀ ਤਰੱਕੀ ਲਈ ਵੱਧ ਨਿਵੇਸ਼ ਦੀ ਲੋੜ ਹੈ ਅਤੇ ਇਸ ਲਈ ਸਭ ਤੋਂ ਅਮੀਰ ਲੋਕਾਂ ਦੀ ਅਣਵਰਤੀ ਦੌਲਤ ਇੱਕ ਮਹੱਤਵਪੂਰਨ ਸਰੋਤ ਬਣ ਸਕਦੀ ਹੈ।

ਇਸ ਪੱਤਰ 'ਤੇ ਫ਼ਿਲਮ ਨਿਰਦੇਸ਼ਕ ਰਿਚਰਡ ਕਰਟਿਸ, ਪ੍ਰਸਿੱਧ ਲੇਖਿਕਾ ਵੈਲ ਮੈਕਡਰਮਿਡ, ਗ੍ਰੇਗਜ਼ ਕੰਪਨੀ ਦੇ ਸਾਬਕਾ ਪ੍ਰਬੰਧ ਨਿਰਦੇਸ਼ਕ ਇਆਨ ਗ੍ਰੈਗ ਅਤੇ ਸਾਬਕਾ ਵਿੱਤੀ ਵਪਾਰੀ ਤੇ ਸਮਾਜਿਕ ਬਰਾਬਰੀ ਦੇ ਹਮਾਇਤੀ ਗੈਰੀ ਸਟੀਵਨਸਨ ਨੇ ਵੀ ਦਸਤਖ਼ਤ ਕੀਤੇ ਹਨ।



ਖੱਬੇ ਤੋਂ ਸੱਜੇ: ਗੈਰੀ ਲਿਨੇਕਰ, ਵੈਲ ਮੈਕਡਰਮਿਡ ਅਤੇ ਗੈਰੀ ਸਟੀਵਨਸਨ ਉਨ੍ਹਾਂ ਪ੍ਰਮੁੱਖ ਹਸਤੀਆਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੇ ਆਪਣੇ ਉੱਤੇ ਹੋਰ ਟੈਕਸ ਲਗਾਉਣ ਦੀ ਮੰਗ ਕਰਦੇ ਹੋਏ ਖੁੱਲ੍ਹੇ ਪੱਤਰ 'ਤੇ ਦਸਤਖ਼ਤ ਕੀਤੇ ਹਨ।

ਦੂਜੇ ਪਾਸੇ, ਕਨਜ਼ਰਵੇਟਿਵ ਪਾਰਟੀ ਦੀ ਨੇਤਾ ਕੇਮੀ ਬੈਡਨੋਕ ਨੇ ਕਿਹਾ ਕਿ ਜੇ ਗੈਰੀ ਲਿਨੇਕਰ ਵੱਧ ਟੈਕਸ ਦੇਣਾ ਚਾਹੁੰਦੇ ਹਨ ਤਾਂ ਉਹ ਸਰਕਾਰੀ ਖ਼ਜ਼ਾਨੇ ਨੂੰ ਆਪਣੀ ਮਰਜ਼ੀ ਨਾਲ ਚੈੱਕ ਲਿਖ ਸਕਦੇ ਹਨ, ਉਨ੍ਹਾਂ ਨੂੰ ਕੋਈ ਨਹੀਂ ਰੋਕ ਰਿਹਾ।

ਉਧਰ, ਖ਼ਜ਼ਾਨਾ ਵਿਭਾਗ ਦੀ ਮੁੱਖ ਸਕੱਤਰ ਐਮਾ ਰੇਨੋਲਡਜ਼ ਨੇ ਕਿਹਾ ਕਿ ਸਰਕਾਰ ਅਮੀਰ ਲੋਕਾਂ ਵੱਲੋਂ ਵੱਧ ਟੈਕਸ ਦੇਣ ਦੀ ਇੱਛਾ ਦਾ ਸਵਾਗਤ ਕਰਦੀ ਹੈ, ਪਰ ਟੈਕਸ ਪ੍ਰਣਾਲੀ ਵਿੱਚ ਕਿਸੇ ਵੀ ਵੱਡੇ ਬਦਲਾਅ ਦਾ ਐਲਾਨ ਬਜਟ ਦੌਰਾਨ ਹੀ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਯਾਦ ਦਿਵਾਇਆ ਕਿ ਜੋ ਲੋਕ ਚਾਹੁਣ, ਉਹ ਇਸ ਵੇਲੇ ਵੀ ਸਰਕਾਰੀ ਖ਼ਜ਼ਾਨੇ ਨੂੰ ਸਵੈ-ਇੱਛਾ ਨਾਲ ਰਕਮ ਜਾਂ ਸ਼ੇਅਰ ਦਾਨ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਐਂਡੀ ਬਰਨਹਮ ਨੇ ਵੀ ਦੌਲਤ ਕਰ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖ਼ਾਰਜ ਨਹੀਂ ਕੀਤਾ ਸੀ ਅਤੇ ਸੰਕੇਤ ਦਿੱਤਾ ਸੀ ਕਿ ਭਵਿੱਖ ਵਿੱਚ ਅਮੀਰ ਵਰਗ ਤੋਂ ਕੁਝ ਵੱਧ ਟੈਕਸ ਲੈਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

## ਬੰਗਾ ਹਲਕੇ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ ਦੇ ਘਰ ਦਾ ਘਿਰਾਓ 25 ਜੁਲਾਈ ਨੂੰ :- ਡਾਕਟਰ ਕਟਾਰੀਆ

**ਬੰਗਾ 23 ਜੁਲਾਈ (ਚਰਨਜੀਤ ਸੱਲ੍ਹਾ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਮਨਵਾਉਣ ਲਈ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ ਅਤੇ ਸਮੁੱਚੀ ਸੂਬਾ ਕਮੇਟੀ ਵੱਲੋਂ ਪੰਜਾਬ ਭਰ ਦੇ ਸੱਤਾਧਾਰੀ ਪਾਰਟੀ ਦੇ ਐਮ ਐਲ ਏ ਅਤੇ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੋਇਆ ਹੈ। ਇਸ ਦੇ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਮੈਂਬਰਾਂ ਵੱਲੋਂ ਬੰਗਾ ਹਲਕੇ ਦੇ ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ ਦੇ ਘਰ ਦਾ ਘਿਰਾਓ ਨਵਾਂਸ਼ਹਿਰ ਵਿਖੇ 25 ਜੁਲਾਈ ਦਿਨ ਸ਼ਨੀਵਾਰ ਨੂੰ ਕੀਤਾ ਜਾਵੇਗਾ।ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਸਰਕਾਰ ਨੇ ਚੋਣਾਂ ਵੇਲੇ ਮੈਡੀਕਲ ਪ੍ਰੈਕਟੀਸ਼ਨਰਜ਼ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੇ ਪਹਿਲ ਦੇ ਆਧਾਰ ਤੇ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਕਰੇਗੀ ਪਰ ਸਰਕਾਰ ਬਣੀ ਨੂੰ ਲਗਭਗ ਸਾਢੇ ਚਾਰ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਅੱਜ ਤੱਕ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਕਰਨ ਲਈ ਕੋਈ ਵੀ ਕੋਸ਼ਿਸ਼ ਨਹੀਂ ਕੀਤੀ। ਇਸ ਲਈ ਮੈਡੀਕਲ ਪ੍ਰੈਕਟੀਸ਼ਨਰਜ਼ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਏ ਹਨ। ਉਨ੍ਹਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਮੈਂਬਰਾਂ ਨੂੰ 25 ਜੁਲਾਈ ਨੂੰ ਇਸ ਸੰਘਰਸ਼ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ ਲਈ ਹਦਾਇਤ ਕੀਤੀ ਹੈ ਤਾਂ ਜੋ ਆਪਣੇ ਕਿੱਤੇ ਨੂੰ ਬਚਾਉਣ ਦੇ ਨਾਲ ਨਾਲ ਆਪਣੇ ਰੁਜ਼ਗਾਰ ਨੂੰ ਬਚਾ ਸਕੀਏ।




## ਸਮੁੰਦਰੀ ਤੱਟ 'ਤੇ ਵਾਪਰਿਆ ਦਰਦਨਾਕ ਹਾਦਸਾ: ਨਾਬਾਲਗ ਲੜਕੀ ਤੇ ਔਰਤ ਦੀ ਡੁੱਬਣ ਨਾਲ ਮੌਤ

**ਲੈਸਟਰ(ਇੰਗਲੈਂਡ ), 23 ਜੁਲਾਈ (ਸੁਖਜਿੰਦਰ ਸਿੰਘ ਢੱਡੇ) –** ਇੰਗਲੈਂਡ ਦੇ ਐਸੈਕਸ ਕਾਊਂਟੀ ਦੇ ਵੈਸਟ ਮਰਸੀ ਸਮੁੰਦਰੀ ਤੱਟ 'ਤੇ ਪਾਣੀ ਵਿੱਚ ਫਸ ਜਾਣ ਕਾਰਨ ਇੱਕ ਨਾਬਾਲਗ ਲੜਕੀ ਅਤੇ 40 ਸਾਲਾਂ ਦੀ ਇੱਕ ਔਰਤ ਦੀ ਮੌਤ ਹੋ ਗਈ, ਜਦਕਿ ਚਾਰ ਹੋਰ ਵਿਅਕਤੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਐਸੈਕਸ ਪੁਲਿਸ ਅਨੁਸਾਰ ਬੁੱਧਵਾਰ ਸ਼ਾਮ ਕਰੀਬ 5.35 ਵਜੇ ਸੀਵਿਊ ਐਵਿਨਿਊ ਨੇੜੇ ਕਈ ਲੋਕਾਂ ਦੇ ਪਾਣੀ ਵਿੱਚ ਮੁਸ਼ਕਲ ਵਿੱਚ ਫਸਣ ਦੀ ਸੂਚਨਾ ਮਿਲਣ 'ਤੇ ਕੋਸਟਗਾਰਡ, ਐਂਬੂਲੈਂਸ ਸੇਵਾ ਅਤੇ ਹਵਾਈ ਐਂਬੂਲੈਂਸਾਂ ਨੂੰ ਮੌਕੇ 'ਤੇ ਭੇਜਿਆ ਗਿਆ। ਬਚਾਅ ਟੀਮਾਂ ਨੇ ਕਾਫ਼ੀ ਦੇਰ ਤੱਕ ਰਾਹਤ ਕਾਰਜ ਚਲਾਇਆ, ਪਰ ਨਾਬਾਲਗ ਲੜਕੀ ਅਤੇ 40 ਸਾਲਾ ਔਰਤ ਨੂੰ ਬਚਾਇਆ ਨਹੀਂ ਜਾ ਸਕਿਆ। ਐਂਬੂਲੈਂਸ ਸੇਵਾ ਨੇ ਦੱਸਿਆ ਕਿ ਇੱਕ ਜ਼ਖ਼ਮੀ ਨੂੰ ਹਵਾਈ ਐਂਬੂਲੈਂਸ ਰਾਹੀਂ ਅਤੇ ਤਿੰਨ ਹੋਰਨਾਂ ਨੂੰ ਸੜਕ ਰਾਹੀਂ ਹਸਪਤਾਲ ਪਹੁੰਚਾਇਆ ਗਿਆ। ਪੁਲਿਸ ਨੇ ਦੱਸਿਆ ਕਿ ਘਟਨਾ ਵਿੱਚ ਸ਼ਾਮਲ ਸਾਰੇ ਵਿਅਕਤੀ ਇੱਕ-ਦੂਜੇ ਨੂੰ ਜਾਣਦੇ ਸਨ।ਘਟਨਾ ਦੇ ਚਸ਼ਮਦੀਦਾਂ ਨੇ ਦੱਸਿਆ ਕਿ ਬੀਚ 'ਤੇ ਕਈ ਲੋਕਾਂ ਨੂੰ ਸੀ.ਪੀ.ਆਰ. ਦਿੱਤੀ ਜਾ ਰਹੀ ਸੀ ਅਤੇ ਬਚਾਅ ਦਲ ਨੇ ਜਾਨਾਂ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਵੈਸਟ ਮਰਸੀ ਦੇ ਮੇਅਰ ਬੌਬ ਜੈਨਕਿਨਜ਼ ਨੇ ਇਸ ਨੂੰ ਬਹੁਤ ਹੀ ਦੁਖਦਾਈ ਅਤੇ ਅਸਧਾਰਨ ਘਟਨਾ ਦੱਸਦਿਆਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਪੁਲਿਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮੌਕੇ 'ਤੇ ਮੌਜੂਦ ਰਹੇ ਲੋਕਾਂ ਜਾਂ ਘਟਨਾ ਦੀ ਕੋਈ ਵੀਡੀਓ ਜਾਂ ਜਾਣਕਾਰੀ ਰੱਖਣ ਵਾਲਿਆਂ ਨੂੰ ਅੱਗੇ ਆ ਕੇ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

# ਮੈਨਚੈਸਟਰ ਸਿਨਾਗੌਗ ਹਮਲਾਵਰ ਦੇ ਸਾਥੀ ਨੂੰ ਅੱਤਵਾਦੀ ਸਾਜ਼ਿਸ਼ ਮਾਮਲੇ 'ਚ ਉਮਰ ਕੈਦ

**ਲੈਸਟਰ(ਇੰਗਲੈਂਡ), 23 ਜੁਲਾਈ (ਸੁਖਜਿੰਦਰ ਸਿੰਘ ਢੱਡੇ)–** ਬ੍ਰਿਟੇਨ ਦੀ ਇੱਕ ਫੌਜੀ ਅਕੈਡਮੀ 'ਤੇ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਮੈਨਚੈਸਟਰ ਦੇ ਰਹਿਣ ਵਾਲੇ 31 ਸਾਲਾ ਮੁਹੰਮਦ ਬਸ਼ੀਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੈਨਚੈਸਟਰ ਕਰਾਊਨ ਕੋਰਟ ਨੇ ਉਸ ਨੂੰ ਘੱਟੋ-ਘੱਟ 17 ਸਾਲ ਜੇਲ੍ਹ ਵਿੱਚ ਬਿਤਾਉਣ ਦੇ ਹੁਕਮ ਦਿੱਤੇ ਹਨ। ਅਦਾਲਤ ਵਿੱਚ ਸੁਣਵਾਈ ਦੌਰਾਨ ਸਾਹਮਣੇ ਆਇਆ ਕਿ ਬਸ਼ੀਰ ਨੇ ਆਪਣੇ ਸਾਥੀ ਜਿਹਾਦ ਅਲ-ਸ਼ਾਮੀ ਨਾਲ ਮਿਲ ਕੇ 14 ਅਗਸਤ 2025 ਨੂੰ ਆਕਸਫੋਰਡਸ਼ਾਇਰ ਸਥਿਤ ਬ੍ਰਿਟੇਨ ਦੀ ਡਿਫੈਂਸ ਅਕੈਡਮੀ ਸ਼੍ਰਿਵੇਨਹੈਮ ਦੀ ਰੇਕੀ ਕੀਤੀ ਸੀ। ਦੋਵੇਂ ਕਰੀਬ 10 ਘੰਟਿਆਂ ਦਾ ਸਫ਼ਰ ਕਰਕੇ ਉੱਥੇ ਪਹੁੰਚੇ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਜਾਣਕਾਰੀ ਇਕੱਠੀ ਕੀਤੀ।

ਕੁਝ ਹਫ਼ਤਿਆਂ ਬਾਅਦ ਜਿਹਾਦ ਅਲ-ਸ਼ਾਮੀ ਨੇ ਮੈਨਚੈਸਟਰ ਦੇ ਹੀਟਨ ਪਾਰਕ ਸਿਨਾਗੌਗ 'ਤੇ ਹਮਲਾ ਕਰ ਦਿੱਤਾ, ਜਿਸ ਵਿੱਚ ਦੋ ਯਹੂਦੀ ਸ਼ਰਧਾਲੂ ਮਾਰੇ ਗਏ।



ਹਮਲੇ ਦੌਰਾਨ ਪੁਲਿਸ ਦੀ ਗੋਲੀਬਾਰੀ ਵਿੱਚ ਅਲ-ਸ਼ਾਮੀ ਮਾਰਿਆ ਗਿਆ ਸੀ।

ਜਾਂਚ ਦੌਰਾਨ ਗ੍ਰੇਟਰ ਮੈਨਚੈਸਟਰ ਪੁਲਿਸ ਨੂੰ ਦੋਵਾਂ ਦੇ ਮੋਬਾਈਲ ਫੋਨਾਂ ਅਤੇ ਕਲਾਊਡ ਡਾਟਾ ਤੋਂ ਅਜਿਹੇ ਸਬੂਤ ਮਿਲੇ, ਜਿਨ੍ਹਾਂ ਤੋਂ ਪਤਾ ਲੱਗਾ ਕਿ ਉਹ ਹਥਿਆਰਾਂ, ਸੰਭਾਵੀ ਨਿਸ਼ਾਨਿਆਂ ਅਤੇ ਇਸਰਾਈਲੀ ਫੌਜ ਨਾਲ ਜੁੜੇ ਵਿਅਕਤੀਆਂ ਬਾਰੇ ਜਾਣਕਾਰੀ ਲੱਭ ਰਹੇ ਸਨ। ਵਟਸਐਪ ਗੱਲਬਾਤ ਵਿੱਚ ਵੀ ਦੋਵਾਂ ਵੱਲੋਂ ਕੱਟੜਪੰਥੀ ਅਤੇ ਯਹੂਦੀ ਵਿਰੋਧੀ ਵਿਚਾਰ ਸਾਂਝੇ ਕਰਨ ਦੇ ਸਬੂਤ ਮਿਲੇ। ਸੀਸੀਟੀਵੀ ਫੁਟੇਜ ਵਿੱਚ ਦੋਵੇਂ ਮੈਨਚੈਸਟਰ ਦੀ ਅਲ ਸੁੰਨਾਹ ਮਸਜਿਦ ਵਿੱਚ ਹਮਲੇ ਦੀ ਯੋਜਨਾ 'ਤੇ ਚਰਚਾ ਕਰਦੇ ਵੀ ਨਜ਼ਰ ਆਏ। ਪੁਲਿਸ ਅਨੁਸਾਰ ਉਹ ਸਮਝ ਰਹੇ ਸਨ ਕਿ ਉਹ ਕੈਮਰਿਆਂ ਦੀ ਨਜ਼ਰ ਤੋਂ ਦੂਰ ਹਨ, ਪਰ ਉਨ੍ਹਾਂ ਦੀਆਂ ਗਤੀਵਿਧੀਆਂ ਰਿਕਾਰਡ ਹੋ ਗਈਆਂ।ਸਜ਼ਾ ਸੁਣਾਉਂਦਿਆਂ ਜਸਟਿਸ ਚੀਮਾ-ਗਰੱਬ ਨੇ ਕਿਹਾ ਕਿ ਬਸ਼ੀਰ ਪੂਰੀ ਤਰ੍ਹਾਂ ਕੱਟੜ ਜਿਹਾਦੀ ਵਿਚਾਰਧਾਰਾ ਨਾਲ ਜੁੜ ਚੁੱਕਾ ਸੀ ਅਤੇ ਅਦਾਲਤ ਨੂੰ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਿਆ ਕਿ ਉਸ ਨੇ ਆਪਣੇ ਵਿਚਾਰ ਬਦਲੇ ਹਨ। ਅਦਾਲਤ ਨੇ ਉਸ ਨੂੰ ਸਮਾਜ ਲਈ ਖ਼ਤਰਨਾਕ ਕਰਾਰ ਦਿੱਤਾ।

ਪੁਲਿਸ ਨੇ ਦੱਸਿਆ ਕਿ ਸਿਨਾਗੌਗ ਹਮਲੇ ਤੋਂ ਬਾਅਦ ਬਸ਼ੀਰ ਪਾਕਿ-ਸਤਾਨ ਚਲਾ ਗਿਆ ਸੀ, ਪਰ ਬ੍ਰਿਟੇਨ ਵਾਪਸੀ ਸਮੇਂ ਮੈਨਚੈਸਟਰ ਹਵਾਈ ਅੱਡੇ ਤੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਹਾਲਾਂਕਿ ਜਾਂਚ ਵਿੱਚ ਇਹ ਸਬੂਤ ਨਹੀਂ ਮਿਲਿਆ ਕਿ ਉਸ ਨੂੰ ਸਿਨਾਗੌਗ 'ਤੇ ਹੋਣ ਵਾਲੇ ਹਮਲੇ ਦੀ ਪਹਿਲਾਂ ਤੋਂ ਜਾਣਕਾਰੀ ਸੀ, ਪਰ ਫੌਜੀ ਅਕੈਡਮੀ 'ਤੇ ਹਮਲੇ ਦੀ ਸਾਜ਼ਿਸ਼ ਵਿੱਚ ਉਸ ਦੀ ਭੂਮਿਕਾ ਸਾਬਤ ਹੋ ਗਈ।

# ਸੋਫੀਆ ਲਵਦੀਪ ਨੇ ਵਕਾਲਤ ਦਾ ਕੋਰਸ ਲੰਡਨ ਦੀ ਮੈਟਰੋਪੋਲੀਟਨ ਯੂਨੀਵਰਸਿਟੀ ਤੋਂ ਕਰਕੇ ਪੰਜਾਬੀਆਂ ਦੇ ਲਈ ਨਵਾਂ ਇਤਿਹਾਸ ਰਚਿਆ


**ਬੰਗਾ 23 ਜੁਲਾਈ (ਚਰਨਜੀਤ ਸੱਲ੍ਹਾ )** ਗ੍ਰੀਸ ਰਹਿ ਰਹੇ ਪੰਜਾਬੀ ਪਰਿਵਾਰ ਦੀ ਲੜਕੀ ਸੋਫੀਆ ਲਵਦੀਪ ਨੇ ਵਕਾਲਤ ਦਾ ਕੋਰਸ ਲੰਡਨ ਮੈਟਰੋਪੋਲੀਟਨ ਯੂਨੀਵਰਸਿਟੀ ਤੋਂ ਕਰਕੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ ਅਤੇ ਇਤਿਹਾਸ ਰਚਿਆ ਹੈ। ਗ੍ਰੀਸ ਵਿੱਚ ਰਹਿ ਰਹੇ ਪਿਤਾ ਰਾਮ ਸਰੂਪ ਅਤੇ ਮਾਤਾ ਹਰਪ੍ਰੀਤ ਕੌਰ ਜਿਹੜਾ ਕਿ ਪੰਜਾਬ ਦੇ ਗੜ੍ਹਸ਼ੰਕਰ ਹਲਕੇ ਦੇ ਵਿੱਚ ਪੈਂਦਾ ਪਿੰਡ ਰੋਡਮਜਾਰਾ ਦੇ ਰਹਿਣ ਵਾਲੇ ਹਨ। ਜਿਹੜਾ ਪਰਿਵਾਰ ਪੜ੍ਹਾਈ ਨੂੰ ਬਹੁਤ ਤਵਜੋ ਦਿੰਦਾ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ



ਉਨ੍ਹਾਂ ਦੀ ਬੇਟੀ ਸੋਫੀਆ ਲਵਦੀਪ ਪੜ੍ਹਾਈ ਵਿੱਚ ਬਹੁਤ ਸਖ਼ਤ ਮਿਹਨਤ ਕਰਕੇ ਉਚਾਈਆਂ ਨੂੰ ਛੁਹਿਆ ਹੈ ਅਤੇ ਪੰਜਾਬੀ ਭਾਈਚਾਰੇ ਦਾ ਨਾਂਮ ਰੌਸ਼ਨ ਕੀਤਾ ਹੈ। ਸੋਫੀਆ ਲਵਦੀਪ ਨੇ ਵਕਾਲਤ ਦਾ ਕੋਰਸ ਲੰਡਨ ਮੈਟਰੋਪੋਲੀਟਨ ਯੂਨੀਵਰਸਿਟੀ ਤੋਂ ਕਰਕੇ ਡਿਗਰੀ ਹਾਸਲ ਕੀਤੀ ਹੈ। ਅੱਜ ਤੱਕ ਗ੍ਰੀਸ ਵਿੱਚ ਰਹਿ ਰਹੇ ਪੰਜਾਬੀਆਂ ਵਿੱਚੋਂ ਇਹ ਪਹਿਲਾ ਬੱਚਾ ਹੈ ਜਿਸ ਨੇ ਲਾਅ ਦੀ ਉੱਚ ਪੱਧਰੀ ਡਿਗਰੀ ਹਾਸਲ ਕੀਤੀ ਹੈ। ਇਸ ਪ੍ਰਾਪਤੀ ਦੇ ਨਾਲ ਸਾਰੇ ਪੰਜਾਬੀ ਭਾਈਚਾਰੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਰਾਮ ਸਰੂਪ ਅਤੇ ਹਰਪ੍ਰੀਤ ਕੌਰ ਨੂੰ ਦੇਸ਼ਾਂ ਵਿਦੇਸ਼ਾਂ ਦੇ ਸਾਰੇ ਪੰਜਾਬੀ ਭਾਈਚਾਰੇ ਵੱਲੋਂ ਮੁਬਾਰਕਾਂ ਮਿਲ ਰਹੀਆਂ ਹਨ। ਉਨ੍ਹਾਂ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸਾਡੀ ਬੱਚੀ ਨੇ ਉੱਚ ਵਿੱਦਿਆ ਹਾਸਲ ਕਰਕੇ ਸਾਡਾ ਅਤੇ ਪੂਰੇ ਪੰਜਾਬ ਦਾ ਨਾਂ ਚਮਕਾਇਆ ਹੈ । ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਸਭ ਨੂੰ ਇਹੋ ਜਿਹੀਆਂ ਧੀਆਂ ਦੇਣ ਤਾਂ ਜ਼ੋ ਉਹ ਆਪਣੇ ਦੇਸ਼ ਅਤੇ ਮਾਪਿਆਂ ਦਾ ਨਾਂ ਉੱਚਾ ਕਰਨ।

# ਪੰਜਾਬ ਵਿੱਚ ਬਣਨਗੇ 10 ਲੱਖ ਨਵੇਂ ਰਾਸ਼ਨ ਕਾਰਡ: ਡਿਜੀਟਲ ਵੈਰੀਫਿਕੇਸ਼ਨ ਤਹਿਤ ਕੱਲ੍ਹ ਤੋਂ ਸ਼ੁਰੂ ਹੋਵੇਗੀ ਰਜਿਸਟ੍ਰੇਸ਼ਨ

**ਬਲਾਚੌਰ, 23 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨਾਗਰਿਕਾਂ ਦੀ ਭਲਾਈ ਲਈ ਇੱਕ ਵੱਡਾ ਅਤੇ ਅਹਿਮ ਕਦਮ ਚੁੱਕਿਆ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ 10 ਲੱਖ ਨਵੇਂ ਰਾਸ਼ਨ ਕਾਰਡ ਬਣਾਏ ਜਾਣਗੇ। ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਵਿਸਥਾਰ ਨਾਲ



ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਜੀਟਲ ਵੈਰੀਫਿਕੇਸ਼ਨ ਦੇ ਤਹਿਤ ਰਾਸ਼ਨ ਕਾਰਡਾਂ ਲਈ ਰਜਿਸਟ੍ਰੇਸ਼ਨ ਕੱਲ੍ਹ ਤੋਂ ਸ਼ੁਰੂ ਹੋਵੇਗੀ। ਸਰਕਾਰ ਵੱਲੋਂ ਤੈਅ ਕੀਤੀ ਗਈ ਯੋਜਨਾ ਤਹਿਤ ਮਹਿਜ਼ 21 ਦਿਨਾਂ ਦੇ ਅੰਦਰ-ਅੰਦਰ ਰਾਸ਼ਨ ਕਾਰਡਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਮੁਕੰਮਲ ਕੀਤਾ ਜਾਵੇਗਾ।-ਹਲਕਾ ਬਲਾਚੌਰ ਮਿਸ਼ਨ 2027 ਤਹਿਤ ਵਿਸ਼ੇਸ਼ ਉਪਰਾਲੇ ਇਸ ਮੌਕੇ 'ਹਲਕਾ ਬਲਾਚੌਰ ਮਿਸ਼ਨ 2027' ਤਹਿਤ ਇਲਾਕੇ ਦੀ ਭਲਾਈ ਅਤੇ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਉਣ ਲਈ ਵਿਸ਼ੇਸ਼ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸਹਾਇਤਾ ਲਈ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪਿੰਡ ਭਾਰਾਪੁਰ ਵਿਖੇ 'ਆਪ' ਆਗੂ ਅਸ਼ੋਕ ਕਟਾਰੀਆ ਨੇ ਲੋੜਵੰਦਾਂ ਨੂੰ ਵੰਡੀਆਂ ਰਾਸ਼ਨ ਕਿੱਟਾਂ

**ਬਲਾਚੌਰ , 23 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਆਮ ਆਦਮੀ ਪਾਰਟੀ (ਆਪ) ਵੱਲੋਂ ਜਨ-ਕਲਿਆਣ ਦੀਆਂ ਨੀਤੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਦਿਆਂ ਅੱਜ ਹਲਕੇ ਦੇ ਪ੍ਰਮੁੱਖ ਪਿੰਡਾਂ ਵਿੱਚ ਇੱਕ ਵੱਡੀ ਮੁਹਿੰਮ ਚਲਾਈ ਗਈ। ਇਸੇ ਲੜੀ ਤਹਿਤ ਅੱਜ ਭਾਰਾਪੁਰ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਅਤੇ ਹਰਮਨਪਿਆਰੇ ਆਗੂ ਅਸ਼ੋਕ ਕਟਾਰੀਆ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਰਾਸ਼ਨ ਕਾਰਡ ਧਾਰਕਾਂ ਨੂੰ ਰਾਸ਼ਨ ਕਿੱਟਾਂ ਦੀ ਵੰਡ ਕੀਤੀ ਗਈ। ਪਾਰਟੀ ਵੱਲੋਂ ਚੁੱਕਿਆ ਗਿਆ ਇਹ ਕਦਮ ਇਲਾਕੇ ਦੇ ਲੋਕਾਂ ਦੀ ਭਲਾਈ



ਅਤੇ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਮੁਢਲੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਇੱਕ ਬਹੁਤ ਹੀ ਅਹਿਮ ਫੈਸਲਾ ਹੈ। ਸੀਨੀਅਰ ਲੀਡਰਸ਼ਿਪ ਨੇ ਸਾਂਝੇ ਤੌਰ 'ਤੇ ਸੰਭਾਲਿਆ ਮੋਰਚਾ ਇਸ ਵਿਸ਼ੇਸ਼ ਮੁਹਿੰਮ ਦੌਰਾਨ ਅਸ਼ੋਕ ਕਟਾਰੀਆ (ਸੀਨੀਅਰ ਆਪ ਆਗੂ) ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਅਸ਼ੋਕ ਕਟਾਰੀਆ ਪਿੰਡ ਦੀ ਪੰਚਾਇਤ ਦੇ ਆਪਸੀ ਤਾਲਮੇਲ ਨਾਲ ਪਿੰਡ ਵਾਸੀਆਂ ਅਤੇ ਰਾਸ਼ਨ ਕਾਰਡ ਧਾਰਕਾਂ ਨਾਲ ਮੁਲਾਕਾਤ ਕੀਤੀ ਅਤੇ ਆਪੋ-ਆਪਣੇ ਹੱਥੀਂ ਉਨ੍ਹਾਂ ਨੂੰ ਰਾਸ਼ਨ ਦੀਆਂ ਕਿੱਟਾਂ ਸੌਂਪੀਆਂ।

# ਏਰੀਆ ਯੂਥ ਅਲਾਇੰਸ ਬਲਾਚੌਰ ਵਲੋਂ ਐਥਲੈਟਿਕ ਮੀਟ 26 ਨੂੰ ਨਵਾਂਸ਼ਹਿਰ ਵਿਖੇ

**ਨਵਾਂਸ਼ਹਿਰ /ਕਾਠਗੜ੍ਹ 23 ਜੁਲਾਈ (ਜਤਿੰਦਰਪਾਲ ਸਿੰਘ ਕਲੇਰ )–** ਏਰੀਆ ਯੂਥ ਅਲਾਇੰਸ ਟੀਮ ਵਲੋਂ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਪਿੰਡ ਸੋਭੂਵਾਲ ਵਿਖੇ ਨੇੜੇ ਟੋਲ ਪਲਾਜ਼ਾ ਜੀਓਵਾਲ ਬੱਛੂਆਂ ਵਿਖੇ 26 ਜੁਲਾਈ ਨੂੰ ਸਵੇਰੇ 5 ਵਜੇ ਐਥਲੈਟਿਕਸ ਮੀਟ ਕਰਵਾਈ ਜਾ ਰਹੀ । ਜਿਸ ਵਿਚ 1600 ਮੀਟਰ ਰੇਸ ਲੜਕੇ ਜਿੰਨਾ ਦੀ ਉਮਰ 18 ਸਾਲ ਤੋਂ ਉੱਪਰ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪਹਿਲੇ ਦੂਸਰੇ ਤੇ ਤੀਸਰੇ ਸਥਾਨ ਤੇ ਰਹਿਣ ਵਾਲਿਆ ਨੂੰ 2100 ਰੁਪਏ ਅਤੇ ਮੈਡਲ, 1500 ਰੁਪਏ ਅਤੇ ਮੈਡਲ ਅਤੇ 1100 ਰੁਪਏ ਅਤੇ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸੇ ਤਰ੍ਹਾਂ ਲੜਕੀਆਂ ਦੀ 800 ਮੀਟਰ ਰੇਸ ਕਰਵਾਈ ਜਾਵੇਗੀ ਜਿਸ ਵਿੱਚ 18 ਸਾਲ ਤੋਂ ਉਪਰ ਦੀ ਉਮਰ ਵਾਲੀਆਂ ਲੜਕੀਆ ਭਾਗ ਲੈ ਸਕਦੀਆ ਹਨ। ਪਹਿਲੇ , ਦੂਸਰੇ ਤੇ ਤੀਸਰੇ ਸਥਾਨ ਤੇ ਰਹਿਣ ਵਾਲੀਆਂ ਲੜਕੀਆਂ ਨੂੰ 1500 ਰੁਪਏ ਮੈਡਲ, 1200 ਰੁਪਏ ਮੈਡਲ ਅਤੇ 900 ਰੁਪਏ ਅਤੇ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸੇ ਤਰ੍ਹਾਂ 400 ਮੀਟਰ ਰੇਸ ਲੜਕੇ ਅੰਡਰ 18 ਸਾਲ ਵਾਲੇ ਵੀ ਭਾਗ ਲੈ ਸਕਣਗੇ। ਪਹਿਲਾ , ਦੂਸਰੇ ਤੇ



ਤੀਸਰੇ ਸਥਾਨ ਤੇ ਰਹਿਣ ਵਾਲਿਆ ਨੂੰ 1100 ਰੁਪਏ ਮੈਡਲ, 800 ਰੁਪਏ ਅਤੇ ਮੈਡਲ, 600 ਰੁਪਏ ਅਤੇ ਮੈਡਲ ਨਾਲ ਨਿਵਾਜਿਆ ਜਾਵੇਗਾ। ਇਸੇ ਤਰਾ 100 ਮੀਟਰ ਰੇਸ ਵਿਚ 13 ਸਾਲ ਤੋਂ ਘੱਟ ਉਮਰ ਦੇ ਲੜਕੇ ਲੜਕੀਆਂ ਭਾਗ ਲੈਣਗੇ। ਪਹਿਲੇ , ਦੂਸਰੇ ਤੇ ਤੀਸਰੇ ਸਥਾਨ ਤੇ ਰਹਿਣ ਵਾਲਿਆ ਨੂੰ ਰੁਪਏ ਅਤੇ ਮੈਡਲ, 400 ਰੁਪਏ ਅਤੇ ਮੈਡਲ , 300ਅਤੇ ਰੁਪਏ ਅਤੇ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸੇ ਲੜੀ ਤਹਿਤ 200 ਮੀਟਰ ਰੇਸ ਵਿੱਚ 50 ਸਾਲ ਤੋਂ ਉੱਪਰ ਉਮਰ ਵਾਲੇ ਭਾਗ ਲੈਣਗੇ। ਪਹਿਲੇ , ਦੂਸਰੇ ਤੇ ਤੀਸਰੇ ਸਥਾਨ ਤੇ ਰਹਿਣ ਵਾਲਿਆਂ ਖਿਡਾਰੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਏਰੀਆ ਯੂਥ ਅਲਾਇੰਸ ਦੇ ਮੈਬਰਾਂ ਵਲੋਂ ਸਾਰਿਆਂ ਨੂੰ ਇਸ ਅਥਲੈਟਿਕ ਮੀਟ ਵਿਚ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਏਰੀਆ ਯੂਥ ਅਲਾਇੰਸ ਮੈਂਬਰ ਵਿੱਚ ਰਾਜ ਖਟਾਣਾ, ਅਮਰੀਕ ਸਿੰਘ ਬਛੋੜੀ, ਦੁਰਗੇਸ਼ ਜੰਡੀ, ਰਾਕੇਸ਼ ਟਕਾਰਲਾ, ਨਵਦੀਪ, ਰਮਨ ਭਰਥਲਾ, ਵਿੱਕੀ ਉਧਨਵਾਲ ਪਿੰਡ ਸੋਭੂਵਾਲ ਦੇ ਖੇਡ ਮੈਦਾਨ ਵਿੱਚ ਸਰਪੰਚ ਸੋਭੂਵਾਲ, ਜੀਤ ਭੁੰਬਲਾ, ਸੁਨੀਲ ਆਦਿ ਹਾਜ਼ਰ ਸਨ।

# ਧਰਮ' ਸਬੰਧੀ ਸੋਚ ਵਿਚਾਰ ਕੇ ਫ਼ੈਸਲਾ ਲੈਣਾ ਚਾਹੀਦਾ'

ਦੇਸ਼ ਭਰ ਵਿੱਚ 2027 ਵਿੱਚ ਹੋਣ ਜਾਂ ਰਹੀ ਜਨਗਣਨਾ ਨੂੰ ਮੁੱਖ ਰੱਖਦਿਆਂ ਪੰਜਾਬ ਦੇ ਗੁਰੂ ਰਵਿਦਾਸ ਜੀ ਨਾਲ ਸਬੰਧਤ ਸਾਧੂ ਸੰਪ੍ਰਦਾਇ ਦੇ ਦੋ ਧੜੇ 'ਆਦਿ ਧਰਮ' (1926) ਅਤੇ 'ਰਵਿਦਾਸੀਆ ਧਰਮ' (2010) ਨੇ ਰਵਿਦਾਸੀਆ ਭਾਈਚਾਰੇ ਨੂੰ ਇਹਨਾਂ ਦੋ ਧਰਮਾਂ ਵੱਲ ਖਿੱਚਣ ਲਈ ਪੂਰਾ ਜੋਰ ਲਾ ਰੱਖਿਆ ਹੈ, ਜਿਹਨਾਂ ਧਰਮਾਂ ਦਾ ਸੰਵਿਧਾਨ ਵਿੱਚ ਕੋਈ ਕਾਲਮ ਹੀ ਨਹੀਂ।

ਭਾਵੇਂ ਕਿ ਹਰ ਇਕ ਨੂੰ ਸੰਵਿਧਾਨਕ ਹੱਕ ਹੈ ਉਹ ਕਿਸੇ ਵੀ ਧਰਮ ਵਿੱਚ ਜਾ ਸਕਦਾ ਹੈ, ਪ੍ਰਚਾਰ ਕਰ ਸਕਦਾ ਹੈ। ਪਰ ਜਦ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੇ ਚੱਲਣ ਦਾ ਦਾਅਵਾ ਕਰਨ ਵਾਲੇ ਅਤੇ ਆਪਸ ਵਿੱਚ ਵੰਡੇ ਹੋਏ ਸੰਤ ਸਮਾਜ ਦੇ ਲੋਕ, ਸਮਾਜ ਨੂੰ "ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।" (ਪੰਨਾ 486) ਦਾ ਪਾਠ ਪੜ੍ਹਾਉਣ ਅਤੇ ਆਪਸ ਵਿੱਚ ਇਕ ਨਾ ਹੋਣ ਤਾਂ ਸਮਾਜ ਵਿੱਚ ਦੁਬਿਧਾ ਖੜ੍ਹੀ ਹੁੰਦੀ ਹੈ ਜ਼ੋ ਕਿ ਸਮਾਜ ਦੇ ਹਿਤ ਵਿੱਚ ਨਹੀਂ ਹੈ।

ਇਕ ਕਹਿੰਦੇ 'ਆਦਿ ਧਰਮ' ਲਿਖਾਉਣਾ ਤੁਸੀਂ,
ਦੂਜੇ ਕਹਿੰਦੇ ਲਿਖਾਓ 'ਰਵਿਦਾਸੀਆ ਧਰਮ' ਜੀ।
ਆਪ ਤਾਂ ਇਹ 'ਦੋ' ਹੋ ਰਹੇ ਨਹੀਂ ਇਕੱਠੇ ,
ਸਮਾਜ ਨੂੰ ਜੋੜਨ ਦਾ ਪਾਲ ਰੱਖਿਆ ਭਰਮ ਜੀ।
ਗੁਰੂ 'ਰਵਿਦਾਸ' ਜੀ ਦੀ ਰੂਹ ਕੁਰਲਾਉਂਦੀ ਹੋਣੀ,
ਵੇਖਕੇ ਇਹਨਾਂ ਦਾ ਸਮਾਜ ਜੋੜਨ ਦਾ ਕਰਮ ਜੀ।
ਉਂਝ ਦਿੰਦੇ ਨੇ ਸੰਦੇਸ਼ ਇਹ "ਮਧੁਪ ਮਖੀਰੇ" ਵਾਲਾ,
'ਮੇਜਰ' ਸਮਾਜ ਦੇ ਲੋਕ ਪੈਰ ਸੋਚਕੇ ਧਰਨ ਜੀ।

ਇਸ ਲਈ ਰਵਿਦਾਸੀਆ ਸਮਾਜ਼ ਦੇ ਬੁਧੀਜੀਵੀ ਸੂਝਵਾਨ ਲੋਕਾਂ ਨੂੰ ਧਰਮ ਸਬੰਧੀ ਫ਼ੈਸਲਾ ਭਾਵਨਾਵਾਂ ਨਾਲ ਨਹੀਂ, ਸਗੋਂ ਡੂੰਘੀ ਸੋਚ-ਵਿਚਾਰ ਨਾਲ ਸਹੀ ਫ਼ੈਸਲਾ ਕਰਨਾ ਚਾਹੀਦਾ ਹੈ।

ਸਮਾਜ ਦੇ ਲੋਕਾਂ ਨੂੰ ਇਹ ਵੀ ਨੋਟ ਕਰ ਲੈਣਾ ਚਾਹੀਦਾ ਹੈ,ਡੀ. ਭੀਮ ਰਾਓ ਅੰਬੇਡਕਰ ਜੀ ਸ਼ੁਰੂ ਤੋਂ ਹੀ ਮਹਾਤਮਾ ਫੂਲੇ ਜੀ, ਸੰਤ ਕਬੀਰ ਜੀ ਅਤੇ ਮਹਾਤਮਾ ਬੁੱਧ ਜੀ ਨੂੰ ਆਪਣੇ (ਤਿੰਨ) ਗੁਰੂ ਮੰਨਦੇ ਸਨ। ਉੱਚ ਵਿਦਿਆ ਪ੍ਰਾਪਤ, ਮਹਾਨ ਵਿਦਵਾਨ ਅਤੇ ਦਾਰਸ਼ਨਿਕ (ਫਿਲਾਸਫਰ) ਡਾ. ਅੰਬੇਡਕਰ ਜੀ ਦੇ ਸਾਹਮਣੇ ਜਦੋਂ 'ਧਰਮ' ਅਪਣਾਉਣ ਦਾ ਫ਼ੈਸਲਾ ਆਇਆ ਤਾਂ ਉਹ ਵੀ ਧਰਮ ਦੀ ਚੋਣ ਬਹੁਤ ਗੰਭੀਰਤਾ ਨਾਲ ਕਰ ਰਿਹਾ ਸੀ।

ਵੱਖ ਵੱਖ ਧਰਮਾਂ ਦਾ ਡੂੰਘਾ ਅਧਿਐਨ ਕਰਨ ਦੇ ਬਾਵਜੂਦ ਉਹਨਾਂ ਨੇ 'ਸਿੱਖ ਧਰਮ' ਦੀ ਸ਼ਸਤਰਧਾਰੀ ਅਤੇ ਜ਼ੁਲਮ-ਵਿਰੁਧ ਟਾਕਰਾ ਕਰਨ ਦੀ ਪ੍ਰੰਪਰਾ ਹੋਣ ਕਰਕੇ 'ਬੁਧ ਧਰਮ' ਨੂੰ ਨਹੀਂ, ਪਹਿਲਾਂ ਸਿੱਖ ਧਰਮ ਅਪਣਾਉਣ ਦਾ ਫ਼ੈਸਲਾ ਕੀਤਾ ਸੀ, ਕਿਉਂਕਿ ਇਹ ਪ੍ਰੰਪਰਾ 'ਬੁਧ ਧਰਮ' ਵਿੱਚ ਨਹੀਂ ਸੀ।

**ਮਹਾਤਮਾ ਬੁੱਧ ਕਹਿੰਦੇ ਹਨ –**

"ਮਹਾਤਮਾ ਗੌਤਮ ਬੁੱਧ' ਆਪਣੇ ਭਿਖਸ਼ੂ ਨੂੰ ਸਿਖਿਆ ਤੋਂ ਬਾਅਦ (ਪ੍ਰਚਾਰ ਤੇ ਭੇਜਣ ਸਮੇਂ) ਪੁੱਛਦਾ ਹੈ ਕਿ "ਅਗਰ ਕੋਈ ਤੈਨੂੰ ਮੰਦਾ ਬੋਲਦਾ ਹੈ, ਤੂੰ ਕੀ ਉਤਰ ਦੇਵੇਂਗਾ ? ਭਿਖਸ਼ੂ ਨੇ ਕਿਹਾ ਮੈਂ ਕੋਈ ਉਤਰ ਨਹੀਂ ਦਿਆਂਗਾ।" ਗੌਤਮ ਬੁੱਧ ਨੇ ਫਿਰ ਕਿਹਾ-ਜੇ ਤੈਨੂੰ ਉਹ ਮਾਰਨ; ਤਾਂ ਭਿਖਸ਼ੂ ਨੇ ਕਿਹਾ "ਮੈਂ ਸਾਂਤਮਈ ਰਹਾਂਗਾ।" ਗੌਤਮ ਬੁੱਧ ਨੇ ਫਿਰ ਪੁਛਿਆ "ਜੇ ਉਹ ਤੈਨੂੰ ਕਤਲ ਕਰਨ?" ਤਾਂ ਭਿਖਸ਼ੂ ਨੇ ਕਿਹਾ ਮਹਾਰਾਜ! ਜੀਵਨ, ਮ੍ਰਿਤੂ ਭਿਖਸ਼ੂ ਲਈ ਇਕ ਸਮਾਨ ਹਨ, ਮੇਰੇ ਮਨ ਵਿਚ ਨਾ ਜੀਵਤ ਰਹਿਣ ਦੀ ਇਛਾ ਹੈ ਨਾ ਮਰਨ ਦੀ।" ਇਹ ਉੱਤਰ ਸੁਣਕੇ 'ਗੌਤਮ ਬੁੱਧ' ਬਹੁਤ ਪ੍ਰਸੰਨ ਹੋਏ ਅਤੇ ਆਖਿਆ "ਹੈ ਭਿਖਸ਼ੂ ਤੂੰ 'ਧਰਮ ਤੱਤ' ਬੁੱਝ ਲਿਆ ਹੈ, ਜਾਹ ਜਾਕੇ ਧਰਮ ਪ੍ਰਚਾਰ ਕਰ।"

ਇਸ ਪ੍ਰਸੰਗ ਤੋਂ ਸਪੱਸ਼ਟ ਹੁੰਦਾ ਹੈ ਕਿ 'ਬੁੱਧ ਧਰਮ' ਦਾ ਰਾਹ ਅਹਿੰਸਾ ਅਤੇ ਸਹਿਣਸ਼ੀਲਤਾ 'ਤੇ ਆਧਾਰਿਤ ਹੈ, ਜਦਕਿ 'ਸਿੱਖ ਧਰਮ' ਅਨਿਆਂ ਦੇ ਵਿਰੁੱਧ ਸ਼ਸਤਰਧਾਰੀ ਵਿਰੋਧ ਨੂੰ ਵੀ ਜਾਇਜ਼ ਮੰਨਦਾ ਹੈ।"

ਇਸ ਲਈ 'ਸਿੱਖ ਧਰਮ' ਹੀ ਦਲਿਤ ਸਮਾਜ ਨੂੰ ਜਲਦੀ ਫਾਇਦਾ ਪਹੁੰਚਾ ਸਕਦਾ ਸੀ ਅਤੇ ਇਹਨਾਂ ਤੇ ਹੁੰਦੇ ਜ਼ਬਰ ਜ਼ੁਲਮ ਨੂੰ ਵੱਡੀ ਠੱਲ ਪਾ ਸਕਦਾ ਹੈ। 'ਸਿੱਖ ਧਰਮ' ਅੰਦਰ ਗਰੀਬ ਸਮਾਜ ਦੇ ਲੋਕ ਹਥਿਆਰਬੰਦ ਹੋਕੇ ਸੁਰੱਖਿਅਤ ਰਹਿ ਸਕਦੇ ਸਨ, ਕਿਉਂਕਿ ਹਥਿਆਰ ਰੱਖਣ ਦਾ ਅਧਿਕਾਰ ਸਿਰਫ਼ ਸਿੱਖ ਧਰਮ ਦੇ ਲੋਕਾਂ ਲਈ ਰਾਖਵਾਂ ਸੀ।

ਇਸ ਤੋਂ ਇਲਾਵਾ ਡਾ. ਅੰਬੇਡਕਰ ਜੀ ਦੇ ਸਾਹਮਣੇ ਗੁਰੂ ਸਹਿਬਾਨਾਂ ਦੇ ਦਲਿਤ ਸਮਾਜ ਦੇ ਹਿਤ ਵਿੱਚ ਕੀਤੇ ਗਏ ਵੱਡੇ ਕਾਰਨਾਮੇ ਮੌਜੂਦ ਸਨ।

ਸਿੱਖ ਧਰਮ (ਵਿਚਾਰਧਾਰਾ) ਦੇ ਮੋਢੀ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਸੀ –

"ਨੀਚਾਂ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ,
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।"
(ਪੰਨਾ 15)

ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਿਧਾਂਤ ਮੁਤਾਬਕ,ਆਪਣੀ ਗੱਲ ਉਤੇ ਅਮਲ ਕਰਦਿਆਂ ਨੀਚ ਕਹੇ ਜਾਂਦੇ ਲੋਕਾਂ ਨੂੰ ਗਲ ਨਾਲ ਲਾਇਆ, ਇਸ ਸਿਧਾਂਤ ਦੇ ਤਹਿਤ ਚਲਦਿਆਂ ਗੁਰੂ ਸਹਿਬਾਨਾਂ ਨੇ ਨੀਚ ਸਮਝੇ ਜਾਂਦੇ ਲੋਕਾਂ ਨੂੰ ਇਕ ਸੰਗਤ 'ਤੇ ਪੰਗਤ ਵਿੱਚ ਬਿਠਾਕੇ ਲੰਗਰ ਛਕਾਇਆ,ਇਕ ਸਰੋਵਰ ਵਿੱਚ ਸਭਨੂੰ ਇਕੱਠੇ ਨਹਲਾਇਆ, ਅੰਤ ਇਕੋ ਬਾਟੇ ਵਿੱਚ ਅੰਮ੍ਰਿਤ ਛਕਾਇਆ, ਘੋੜਿਆਂ ਤੇ ਚੜ੍ਹਾਇਆ,ਜਬਰ ਜ਼ੁਲਮ ਖ਼ਿਲਾਫ਼ ਲੜਨਾ ਸਿਖਾਇਆ ਅਤੇ ਸਰਦਾਰ ਬਣਾਇਆ, ਮਨੂੰਵਾਦ ਦੀਆਂ ਲਾਈਆਂ ਪਾਬੰਦੀਆਂ ਚਕਨਾਚੂਰ ਕਰਕੇ ਗੁਰੂ ਸਹਿਬਾਨਾਂ ਨੇ ਉਲਟੀ ਗੰਗਾ ਬਹਾ ਦਿੱਤੀ ਸੀ। ਇਹ ਸਮਾਜਿਕ ਵੱਡਾ ਇੰਨਕਲਾਬ ਸੀ , ਕੋਈ ਛੋਟੀ ਗੱਲ ਨਹੀਂ ਸੀ।

ਇਸ ਦੇ ਉਲਟ ਬਾਈ ਧਾਰ ਦੇ ਰਾਜਿਆਂ ਨੇ ਇਸ ਸਿਧਾਂਤ (ਇੰਨਕਲਾਬ) ਦਾ ਵਿਰੋਧ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ "ਅਸੀਂ ਅੰਮ੍ਰਿਤ ਵੀ ਛਕ ਲਵਾਂਗੇ, ਤੁਹਾਨੂੰ ਹਰ ਕਿਸਮ ਦੀ ਮੱਦਦ ਵੀ ਕਰਨ ਨੂੰ ਤਿਆਰ ਹਾਂ ਪਰ ਸਾਰਿਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਨਾ ਛਕਾਇਆ ਜਾਵੇ।" ਜਦ ਗੁਰੂ ਗੋਬਿੰਦ ਸਿੰਘ ਜੀ ਇਹਨਾਂ ਰਾਜਿਆਂ ਦੀ ਗੱਲ ਨਾ ਮੰਨਕੇ ਆਪਣੇ ਸਿਧਾਂਤ ਤੋਂ ਪਾਸੇ ਨਾ ਜਾਣ ਦਾ ਫ਼ੈਸਲਾ ਸੁਣਾ ਦਿੱਤਾ, ਤਾਂ ਇਹਨਾਂ ਪਹਾੜੀ ਰਾਜਿਆਂ ਦੇ ਮਨਾਂ ਅੰਦਰ ਹੋਰ ਵੀ ਈਰਖਾ ਪੈਦਾ ਹੋ ਗਈ।ਜਦ ਦੁਸ਼ਮਣ ਦੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਕਮਜ਼ੋਰ ਕਰਨ ਦੇ ਸਾਰੇ ਹੀਲੇ ਸਫ਼ਲ ਨਾ ਹੋਏ,ਹਰ ਵਾਰ ਮੂੰਹ ਦੀ ਖਾਣੀ ਪਈ ਤਾਂ ਇਹਨਾਂ ਰਾਜਿਆਂ ਵੱਲੋਂ ਮੁਗਲ ਫੌਜਾਂ ਨਾਲ ਮਿਲਕੇ ਰਹਿ ਰਹਿਕੇ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਹਰ ਤਰਾਂ ਦੇ ਹਮਲੇ ਜਾਇਜ ਸਮਝਕੇ ਭਾਰੀ ਨੁਕਸਾਨ ਕੀਤਾ ਜਾਣ ਲੱਗਾ, ਜਿਸ ਕਰਕੇ ਬਹੁਤ ਸਾਰੇ ਸਿੰਘਾਂ ਨੂੰ ਸ਼ਹੀਦ ਹੋਣਾ ਪਿਆ, ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਸਿੰਘ ਸੂਰਮਿਆਂ ਦੇ ਨਾਲ ਨਾਲ ਵੱਡੇ ਪੁੱਤਰ ਅਜੀਤ ਸਿੰਘ ਤੇ ਜੁਝਾਰ ਸਿੰਘ ਨੂੰ ਦੁਸ਼ਮਣਾਂ ਨਾਲ ਟੱਕਰ ਲੈਣ ਲਈ ਆਪ ਤਿਆਰ ਕਰਕੇ ਜੰਗ ਦੇ ਮੈਦਾਨ ਵਿੱਚ ਭੇਜਿਆ ਅਤੇ ਸ਼ਹੀਦ ਹੁੰਦੇ ਵੇਖਿਆ। ਦੁਸ਼ਮਣਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਬੱਚੇ ਜ਼ੋਰਾਵਰ ਸਿੰਘ, ਫਤਿਹ ਸਿੰਘ ਨੂੰ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ, ਮਾਤਾ ਗੁਜਰੀ ਜੀ ਠੰਡੇ ਬੁਰਜ ਵਿੱਚ ਸ਼ਹੀਦ ਹੋ ਗਏ। ਇਕ ਹਫ਼ਤੇ ਵਿੱਚ ਪਰਿਵਾਰ ਦੇ ਪੰਜ ਮੈਂਬਰ ਸ਼ਹੀਦ ਹੋਣ ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਪਰਿਵਾਰ ਦੇ ਜੀਆਂ ਦਾ ਅੰਤਿਮ ਸੰਸਕਾਰ ਕਰਨਾ ਤਾਂ ਦੂਰ ਦੀ ਗੱਲ, ਜਾਂਦੀ ਵਾਰ ਮੂੰਹ ਵੀ ਨਹੀਂ ਵੇਖ ਸਕਿਆ।

ਇਹ ਗੱਲ ਕਰਦਿਆਂ ਲਿਖਦਿਆਂ ਅੱਜ ਵੀ ਧਾਹ ਨਿਕਲਦੀ ਹੈ। ਐਡਾ ਵੱਡਾ ਵਿਛੋੜਾ, ਦੁੱਖ ਭਾਵੇਂ ਬਹੁਤ ਅਸਿਹ ਸੀ, ਪਰ ਗੁਰੂ ਗੋਬਿੰਦ ਸਿੰਘ ਨੇ ਫਿਰ ਵੀ ਹੌਂਸਲਾ ਨਹੀਂ ਸੀ ਹਾਰਿਆ।

ਦਲਿਤ ਬੁੱਧੀਜੀਵੀ ਭਰਾਵੋ ਅਤੇ ਸੂਝਵਾਨ ਲੋਕੋ! ਇਕ ਹੋਰ ਵੱਡੀ ਗੱਲ ਨੋਟ ਕਰਨ ਵਾਲੀ ਹੈ, ਹੋ ਸਕਦਾ ਇਹ ਵੀ ਅੰਬੇਡਕਰ ਜੀ ਦੇ ਧਿਆਨ ਵਿੱਚ ਵੀ ਹੋਵੇ, ਕਿ ਸਿੱਖ ਗੁਰੂ ਸਹਿਬਾਨਾਂ ਨੇ ਇਕ ਹੋਰ ਐਸਾ ਅਨੋਖਾ ਕੰਮ ਕੀਤਾ, ਜ਼ੋ ਨਾ ਪਹਿਲਾਂ ਕਿਸੇ ਨੇ ਕੀਤਾ ਸੀ ਅਤੇ ਨਾਹੀਂ ਕੋਈ ਬਾਅਦ ਵਿੱਚ ਕਰ ਸਕਿਆ, ਉਹ ਹੈ ਗੁਰੂ ਨਾਨਕ ਸਾਹਿਬ ਜੀ ਨੇ ਉਸ ਸਮੇਂ ਦੇ ਅਤੇ ਆਪਣੇ ਸਮੇਂ ਤੋਂ ਪਹਿਲਾਂ ਹੋਏ ਰਹਿਬਰ ਮੁਸਲਮਾਨ, ਬ੍ਰਾਹਮਣ,ਖਤਰੀ,ਵੈਸ਼, ਸ਼ੂਦਰ ਹਰ ਵਰਗ ਦੇ ਉੱਚੀ ਆਤਮਕ ਅਵਸਥਾ ਵਾਲੇ ਮਹਾਂਪੁਰਖਾਂ ਦੀ ਬਾਣੀ ਆਪ ਇਕੱਤਰ ਕੀਤੀ ਅਤੇ ਸਾਂਭ ਕੇ ਰੱਖਿਆ, ਆਪਣੇ ਤੋਂ ਬਾਅਦ ਦੂਜੇ ਪਾਤਸ਼ਾਹ ਅੰਗਦ ਸਾਹਿਬ ਜੀ ਨੂੰ ਜ਼ਿੰਮੇਦਾਰੀ ਦਿੰਦਿਆਂ ਨਾਲ ਇਹ ਸਾਰੀ ਦੀ ਸਾਰੀ ਬਾਣੀ ਸੰਭਾਲਣ ਦੀ ਜ਼ਿੰਮੇਵਾਰੀ ਦਿੱਤੀ,ਜ਼ੋ ਪੰਜਵੇਂ ਪਾਤਸ਼ਾਹ ਤੱਕ ਇਹ ਸਿਲਸਿਲਾ ਚਲਦਾ ਰਿਹਾ।

ਉਸ ਵਕਤ ਤਾਂ ਤਰਥੱਲੀ ਮੱਚ ਗਈ ਜਦੋਂ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਗੁਰੂ ਸਹਿਬਾਨਾਂ ਦੀ ਬਾਣੀ ਦੇ ਨਾਲ ਨਾਲ ਆਪਣੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਜੀ ਵਲੋਂ ਇਕੱਤਰ ਕੀਤੀ ਬਾਣੀ ਨੂੰ ਇਕੋ ਪੋਥੀ ਸਾਹਿਬ ਵਿੱਚ ਇਕੱਤਰ ਕਰਕੇ ਪੱਕੇ ਤੌਰ ਤੇ ਇਸ ਤਰਾਂ ਸੰਭਾਲ ਦਿੱਤਾ, ਕਿ ਕੋਈ ਵਿਰੋਧੀ ਬਾਅਦ ਵਿੱਚ ਮਿਲਾਵਟ ਨਾ ਕਰ ਸਕੇ। ਇਹ ਇਕ ਅਨੋਖੀ ਮਿਸ਼ਾਲ ਹੈ, ਜ਼ੋ ਸਿੱਖ ਗੁਰੂ ਸਹਿਬਾਨਾਂ ਤੋਂ ਬਿਨਾਂ ਕੋਈ ਹੋਰ ਨਹੀਂ ਕਰ ਸਕਿਆ। ਸਿੱਖ ਗੁਰੂ ਸਹਿਬਾਨਾਂ ਨੇ ਜ਼ੋ ਹਰ ਵਰਗ ਦੇ ਉੱਚੀ ਸੁੱਚੀ ਸੋਚ ਰੱਖਣ ਵਾਲੇ ਮਹਾਂਪੁਰਖਾਂ ਨੂੰ ਇਕ ਥਾਂ ਬਿਠਾਕੇ ਜ਼ੋ ਬਹੁਜਨ ਬਣਾਇਆ, ਉਹ ਹਰ ਇਕ ਨੂੰ ਕਲਾਵੇ ਵਿੱਚ ਲੈਣ ਵਾਲਾ ਸੀ ਅਤੇ ਹੈ।

ਇਸੇ ਕਰਕੇ ਹੀ ਡਾ.ਅੰਬੇਡਕਰ ਜੀ ਤੋਂ ਬਾਅਦ ਕਾਂਸ਼ੀ ਰਾਮ ਜੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਦੀ ਗੱਲ ਕਰਦੇ ਸੀ।ਡਾ. ਅੰਬੇਡਕਰ ਜੀ ਦੀ ਇਕ ਹੋਰ ਗੱਲ ਵੱਲ ਧਿਆਨ ਦਿਉ, ਬਾਬਾ ਸਾਹਿਬ ਅੰਬੇਡਕਰ ਜੀ ਚਾਹੁੰਦੇ ਹੋਏ ਵੀ ਜਦ 1935-36 ਵਿੱਚ ਮਹਾਤਮਾ ਗਾਂਧੀ ਅਤੇ ਮਾ. ਤਾਰਾ ਸਿੰਘ ਦੀਆਂ ਸਾਜ਼ਸ਼ਾਂ ਦੇ ਕਾਰਨ ਸਿੱਖ ਧਰਮ ਨਾ ਅਪਣਾ ਸਕੇ ਤਾਂ ਇਸ ਤੋਂ ਬਾਅਦ ਵੀ 19-20 ਸਾਲ ਤੱਕ 'ਬੁਧ ਧਰਮ' ਨਹੀਂ ਸੀ ਅਪਣਾਇਆ। ਅਖੀਰ ਅੰਤ ਸਮਾਂ ਨੇੜੇ ਦਿਸਦਾ ਵੇਖ ਅਤੇ ਆਪਣੀ ਸੌਂਹ ਪੂਰੀ ਕਰਨ ਲਈ "ਕਿ ਮੈਂ ਹਿੰਦੂ ਪੈਦਾ ਜ਼ਰੂਰ ਹੋਇਆ, ਪਰ ਹਿੰਦੂ ਮਰਾਂਗਾ ਨਹੀਂ।" 14 ਅਕਤੂਬਰ 1956 ਨੂੰ ਜਦ 'ਬੁਧ ਧਰਮ' ਅਪਣਾਇਆ ਤਾਂ ਅੰਬੇਡਕਰ ਸਾਹਿਬ ਜੀ ਗਿਣਤੀ ਦੇ ਦੋ ਮਹੀਨੇ ਵੀ ਪੂਰੇ ਨਾ ਕਰ ਸਕੇ, ਆਪਣੇ ਪ੍ਰਸ਼ੰਸਕਾਂ (6 ਦਸੰਬਰ 1956) ਨੂੰ ਰੋਂਦੇ ਕੁਰਲਾਉਂਦੇ ਛੱਡਕੇ ਸਦਾ ਲਈ ਇਸ ਦੁਨੀਆਂ ਤੋਂ ਚਲੇ ਗਏ।ਇਸ ਲਈ ਦਲਿਤ ਸਮਾਜ ਜਿੱਥੇ ਬਾਬਾ ਸਾਹਿਬ ਭੀਮ ਰਾਓ ਜੀ ਦੇ ਅਧੂਰੇ ਸੁਪਨੇ ਪੂਰੇ ਕਰਨ ਦੀ ਗੱਲ ਕਰਦੇ ਹਨ ਉਥੇ ਅੰਬੇਡਕਰ ਜੀ ਵੱਲੋਂ ਸਿੱਖ ਧਰਮ ਅਪਣਾਉਣ ਦਾ ਰਹਿ ਗਿਆ ਅਧੂਰਾ ਸੁਪਨੇ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।



**ਮੇਜਰ ਸਿੰਘ 'ਬੁਢਲਾਡਾ'**
**94176 42327**

# ਫੈਡਰਲ ਸਰਕਾਰ ਵੱਲੋਂ ਸਰੀ ਦੇ ਪਾਰਕਾਂ ਦੀ 11 ਮਿਲੀਅਨ ਡਾਲਰ ਦੀ ਗ੍ਰਾਂਟ ਦੇਣ ਦਾ ਫੈਸਲਾ


**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** ਸਰੀ ਦੇ ਨਿਊਟਨ ਇਲਾਕੇ ਵਿੱਚ ਖੇਡਾਂ ਅਤੇ ਭਾਈਚਾਰਕ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ 11 ਬਿਲੀਅਨ ਡਾਲਰ ਦੀ ਗਰਾਂਟ ਦੇਣ ਦਾ ਫੈਸਲਾ ਕੀਤਾ ਗਿਆ ਹੈ

ਸਰੀ ਦੇ ਐਥਲੈਟਿਕਸ ਪਾਰਕ ਚ ਆਯੋਜਿਤ ਇੱਕ ਸਮਾਗਮ ਦੌਰਾਨ ਸਰੀ ਦੇ ਨਿਊਟਨ ਹਲਕੇ ਤੋਂ ਸੰਸਦ ਮੈਂਬਰ ਸੁਖ ਧਾਲੀਵਾਲ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਨੇਡਾ ਸਰਕਾਰ ਦਾ ਉਦੇਸ਼ ਦੇਸ਼ ਭਰ ਵਿੱਚ ਆਧੁਨਿਕ ਅਤੇ ਮਜ਼ਬੂਤ ਬੁਨਿਆਦੀ ਢਾਂਚਾ ਵਿਕਸਤ ਕਰਨਾ ਹੈ, ਜਿਸ ਨਾਲ ਰਿਹਾਇਸ਼, ਖੇਡਾਂ, ਸਿਹਤ, ਆਵਾਜਾਈ ਅਤੇ ਭਾਈਚਾਰਕ ਸਹੂਲਤਾਂ ਵਿੱਚ ਸੁਧਾਰ ਹੋ ਸਕੇ। ਇਸੇ ਤਹਿਤ ਬਰਡ ਕਮਿਊਨਿਟੀ ਸਟਰੋਂਗ ਫੰਡ ਰਾਹੀਂ ਦੇਸ਼ ਭਰ ਵਿੱਚ ਕਰੀਬ 51 ਬਿਲੀਅਨ ਡਾਲਰ ਦੇ ਬੁਨਿਆਦੀ ਢਾਂਚੇ ਨਾਲ ਜੁੜੇ ਪ੍ਰੋਜੈਕਟਾਂ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ। ਸੁਖ ਧਾਲੀਵਾਲ ਨੇ ਅੱਗੇ ਦੱਸਿਆ ਕਿ ਨਿਊਟਨ ਐਥਲੈਟਿਕ ਪਾਰਕ ਵਿੱਚ ਨਵਾਂ ਆਰਟੀਫੀਸ਼ੀਅਲ ਟਰਫ਼ ਵਾਲਾ ਖੇਡ ਮੈਦਾਨ ਤਿਆਰ ਕੀਤਾ ਜਾਵੇਗਾ, ਜਿਸ ਨਾਲ ਸਾਲ ਭਰ ਖੇਡਾਂ ਕਰਵਾਉਣਾ ਸੰਭਵ ਹੋਵੇਗਾ। ਇਸ ਤੋਂ ਇਲਾਵਾ



ਜਾਣਕਾਰੀ ਸਾਂਝੀ ਕਰਦੇ ਹੋਏ ਸਾਂਸਦ ਸੁੱਖ ਧਾਲੀਵਾਲ ਉਨਾਂ ਨਾਲ ਸਰੀ ਦੀ ਮੇਅਰ ਬਰੈਂਡਾ ਲੋਕ,ਸਾਂਸਦ ਗੁਰਬਖਸ ਸੈਣੀ ਅਤੇ ਹੋਰ

ਵਾਕਿੰਗ ਟਰੈਕ 'ਤੇ ਊਰਜਾ-ਕੁਸ਼ਲ ਐਲ.ਈ.ਡੀ. ਲਾਈਟਾਂ ਲਗਾਈਆਂ ਜਾਣਗੀਆਂ ਅਤੇ ਨਵੀਆਂ ਲਾਈਟਾਂ ਨਾਲ ਲੈਸ ਟੈਨਿਸ ਕੋਰਟਾਂ ਬਣਾਈਆਂ ਜਾਣਗੀਆਂ, ਜਿਸ ਨਾਲ ਖਿਡਾਰੀਆਂ ਅਤੇ ਸਥਾਨਕ ਨਿਵਾਸੀਆਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਅਨਵਿਨ ਪਾਰਕ ਵਿੱਚ ਵੀ ਵੱਡੇ ਪੱਧਰ 'ਤੇ ਵਿਕਾਸ ਕਾਰਜ ਕੀਤੇ ਜਾਣਗੇ। ਇੱਥੇ ਕਵਰਡ ਮਲਟੀ-ਸਪੋਰਟ ਕੋਰਟ, ਨਵਾਂ ਫੀਲਡ ਹਾਊਸ, ਵਾਸ਼ਰੂਮ ਅਤੇ ਚੇਂਜ ਰੂਮ, ਸਕੇਟ ਪਾਰਕ, ਪੰਪ ਬਾਈਕ ਟਰੈਕ, ਪਿਕਲਬਾਲ, ਟੈਨਿਸ ਅਤੇ ਬਾਸਕੇਟਬਾਲ ਕੋਰਟਾਂ ਬਣਾਈਆਂ ਜਾਣਗੀਆਂ। ਇਸ ਤੋਂ ਇਲਾਵਾ ਕੁੱਤਿਆਂ ਲਈ ਆਫ-ਲੀਸ਼ ਪਾਰਕ, ਨਵੇਂ ਪੈਦਲ ਰਸਤੇ, ਵਧੇਰੇ ਪਾਰਕਿੰਗ ਅਤੇ ਪਾਰਕ ਦੇ ਦਾਖ਼ਲਾ ਮਾਰਗਾਂ ਦਾ ਵੀ ਸੁਧਾਰ ਕੀਤਾ ਜਾਵੇਗਾ ਇਸ ਮੌਕੇ ਤੇ ਬੋਲਦਿਆਂ ਸਰੀ ਦੀ ਮੇਅਰ ਬਰੈਂਡਾ ਲੌਕ ਨੇ ਫੈਡਰਲ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਿਊਟਨ ਐਥਲੈਟਿਕ ਪਾਰਕ ਅਤੇ ਅਨਵਿਨ ਪਾਰਕ ਸਰੀ ਦੇ ਸਭ ਤੋਂ ਮਹੱਤਵਪੂਰਨ ਪਾਰਕਾਂ ਵਿੱਚੋਂ ਹਨ, ਜਿੱਥੇ ਹਰ ਸਾਲ ਹਜ਼ਾਰਾਂ ਲੋਕ ਖੇਡਾਂ, ਸੈਰ ਅਤੇ ਮਨੋਰੰਜਨ ਲਈ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਨਵੀਆਂ ਸਹੂਲਤਾਂ ਨਾਲ ਲੋਕਾਂ ਨੂੰ ਸਰਗਰਮ ਜੀਵਨ-ਸ਼ੈਲੀ ਅਪਣਾਉਣ, ਭਾਈਚਾਰਕ ਸਾਂਝ ਵਧਾਉਣ ਅਤੇ ਬਿਹਤਰ ਮਨੋਰੰਜਨ ਦੇ ਮੌਕੇ ਪ੍ਰਾਪਤ ਹੋਣਗੇ। ਜ਼ਿਕਰਯੋਗ ਹੈ ਕਿ ਇਸ ਪ੍ਰੋਜੈਕਟ ਲਈ ਫੈਡਰਲ ਸਰਕਾਰ ਵੱਲੋਂ 11 ਮਿਲੀਅਨ ਡਾਲਰ ਤੱਕ ਦੀ ਸਹਾਇਤਾ ਦਿੱਤੀ ਜਾ ਰਹੀ ਹੈ, ਜਦਕਿ ਸਿਟੀ ਆਫ ਸਰੀ ਵੱਲੋਂ 16.5 ਮਿਲੀਅਨ ਡਾਲਰ ਦਾ ਯੋਗਦਾਨ ਦਿੱਤਾ ਜਾਵੇਗਾ। ਇਸ ਮੌਕੇ ਤੇ ਪੰਜਾਬੀ ਸਾਂਸਦ ਗੁਰਬਖਸ਼ ਸੈਣੀ ਅਤੇ ਹੋਰ ਬਹੁਤ ਸਾਰੀਆਂ ਸਿਆਸੀ ਸ਼ਖਸੀਅਤਾਂ ਹਾਜ਼ਰ ਹਨ।




# ਲਿਟਨ ਬਣਿਆ ਕੈਨੇਡਾ ਦਾ ਸਭ ਤੋਂ ਗਰਮ ਇਲਾਕਾ, ਤਾਪਮਾਨ 41 ਡਿਗਰੀ ਸੈਲਸੀਅਸ ਤੱਕ ਪੁੱਜਿਆ

**ਵੈਨਕੂਵਰ, 23 ਜੁਲਾਈ (ਮਲਕੀਤ ਸਿੰਘ)** – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਜਾਰੀ ਗਰਮੀ ਦੀ ਲਹਿਰ ਦਰਮਿਆਨ ਫ੍ਰੇਜ਼ਰ ਕੈਨਿਯਨ ਖੇਤਰ ਦਾ ਕਸਬਾ ਲਿਟਨ ਇਸ ਸਾਲ ਕੈਨੇਡਾ ਦਾ ਸਭ ਤੋਂ ਗਰਮ ਸਥਾਨ ਬਣ ਗਿਆ ਹੈ। ਬੁੱਧਵਾਰ ਨੂੰ ਇੱਥੇ ਤਾਪਮਾਨ 41 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਇਸ ਸਾਲ ਦੇਸ਼ ਦਾ ਸਭ ਤੋਂ ਵੱਧ ਤਾਪਮਾਨ ਹੋਣਾ ਅਨੁਮਾਨਿਆ ਗਿਆ ਹੈ। ਮੌਸਮ ਵਿਭਾਗ ਅਨੁਸਾਰ ਬ੍ਰਿਟਿਸ਼ ਕੋਲੰਬੀਆ ਦੇ 12 ਸਥਾਨਾਂ 'ਤੇ ਦਿਨ ਦੇ ਤਾਪਮਾਨ ਦੇ ਪੁਰਾਣੇ ਰਿਕਾਰਡ ਟੁੱਟੇ ਹਨ। ਦੱਖਣੀ ਬੀ.ਸੀ. ਵਿੱਚ ਲਗਾਤਾਰ ਦੂਜੇ ਦਿਨ ਵੀ ਕਈ ਇਲਾਕਿਆਂ ਵਿੱਚ ਪਾਰਾ 40 ਡਿਗਰੀ ਸੈਲਸੀਅਸ ਦੇ ਨੇੜੇ ਤੇੜੇ ਰਿਹਾ।ਅਧਿਕਾਰੀਆਂ ਦਾ ਕਹਿਣਾ ਹੈ ਕਿ ਗਰਮੀ ਦਾ ਪ੍ਰਭਾਵ ਅਗਲੇ ਕੁਝ ਦਿਨ ਹੋਰ ਵੀ ਜਾਰੀ ਰਹਿ ਸਕਦਾ ਹੈ, ਜਿਸ ਕਾਰਨ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਗਈ ਹੈ। ਗਰਮੀ ਦਾ ਪ੍ਰਕੋਪ ਵਧਣ ਕਾਰਨ ਸਮੁੰਦਰੀ ਕਿਨਾਰਿਆਂ ਤੇ ਝੀਲਾਂ ਨੇੜੇ ਲੋਕਾਂ ਦੀਆਂ ਰੌਣਕਾਂ ਆਮ ਦਿਨਾਂ ਨਾਲੋ ਵੱਧ ਗਈਆਂ ਨਜ਼ਰ ਆ ਰਹੀਆਂ ਹਨ।

# ਬਲਾਚੌਰ ਵਿਖੇ 'ਪ੍ਰਾਈਮ ਪੈੱਟ ਸ਼ਾਪ' ਦਾ ਕੀਤਾ ਗਿਆ ਸ਼ੁਭ ਉਦਘਾਟਨ

**ਬਲਾਚੌਰ, 23 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਬਲਾਚੌਰ ਸ਼ਹਿਰ ਵਿਖੇ ਪਾਲਤੂ ਜਾਨਵਰਾਂ ਅਤੇ ਪਸ਼ੂ-ਪੰਛੀਆਂ ਨਾਲ ਜੁੜੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਸ਼ੁਰੂ ਕੀਤੀ ਗਈ 'ਪ੍ਰਾਈਮ ਪੈੱਟ ਸ਼ਾਪ' ਦਾ ਅੱਜ ਰਸਮੀ ਤੌਰ 'ਤੇ ਸ਼ੁਭ ਉਦਘਾਟਨ ਕੀਤਾ ਗਿਆ। ਇਸ ਨਵੇਂ ਕਾਰੋਬਾਰ ਦੀ ਸ਼ੁਰੂਆਤ ਪਰਮ ਮਿੱਤਰ ਸਟੇਟ ਐਵਾਰਡੀ ਅਧਿਆਪਕ ਪਰਮਜੀਤ ਸਿੰਘ ਮਿੰਟੂ ਦੇ ਸਪੁੱਤਰ ਮਹਿਕਪ੍ਰੀਤ ਸਿੰਘ ਵੱਲੋਂ ਕੀਤੀ ਗਈ ਹੈ। ਇਸ ਉਦਘਾਟਨੀ ਸਮਾਰੋਹ ਦੌਰਾਨ ਅਸ਼ੋਕ ਕਟਾਰੀਆ ਵੱਲੋਂ ਰੀਬਨ ਕੱਟ ਕੇ ਸ਼ੁਭ ਆਰੰਭ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਉੱਚੇਚੇ ਤੌਰ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸ਼ਿਵਾਲਿਕ ਸਕੂਲ ਨਾਲ ਸਬੰਧਤ ਸੰਤੋਖ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



ਨਵੇਂ ਕਾਰੋਬਾਰ ਦੀ ਆਮਦ 'ਤੇ ਪਹੁੰਚੀਆਂ ਸ਼ਖ਼ਸੀਅਤਾਂ ਨੇ ਸੰਚਾਲਕਾਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ। ਇਸ ਮੌਕੇ ਅਰਦਾਸ ਕੀਤੀ ਗਈ ਕਿ ਇਹ ਨਵਾਂ ਉਪਰਾਲਾ ਦਿਨ-ਦੁਗਣੀ ਰਾਤ-ਚੌਗਣੀ ਤਰੱਕੀ ਕਰਦਿਆਂ ਬੁਲੰਦੀਆਂ ਨੂੰ ਛੂਹੇ ਅਤੇ ਇਲਾਕੇ ਦੇ ਵਿਕਾਸ ਵਿੱਚ ਆਪਣਾ ਸਾਰਥਕ ਯੋਗਦਾਨ ਪਾਵੇ।

# ਧਰਮ' ਸਬੰਧੀ ਸੋਚ ਵਿਚਾਰ ਕੇ ਫ਼ੈਸਲਾ ਲੈਣਾ ਚਾਹੀਦਾ'

ਦੇਸ਼ ਭਰ ਵਿੱਚ 2027 ਵਿੱਚ ਹੋਣ ਜਾਂ ਰਹੀ ਜਨਗਣਨਾ ਨੂੰ ਮੁੱਖ ਰੱਖਦਿਆਂ ਪੰਜਾਬ ਦੇ ਗੁਰੂ ਰਵਿਦਾਸ ਜੀ ਨਾਲ ਸਬੰਧਤ ਸਾਧੂ ਸੰਪ੍ਰਦਾਇ ਦੇ ਦੋ ਧੜੇ 'ਆਦਿ ਧਰਮ' (1926) ਅਤੇ 'ਰਵਿਦਾਸੀਆ ਧਰਮ' (2010) ਨੇ ਰਵਿਦਾਸੀਆ ਭਾਈਚਾਰੇ ਨੂੰ ਇਹਨਾਂ ਦੋ ਧਰਮਾਂ ਵੱਲ ਖਿੱਚਣ ਲਈ ਪੂਰਾ ਜੋਰ ਲਾ ਰੱਖਿਆ ਹੈ, ਜਿਹਨਾਂ ਧਰਮਾਂ ਦਾ ਸੰਵਿਧਾਨ ਵਿੱਚ ਕੋਈ ਕਾਲਮ ਹੀ ਨਹੀਂ।

ਭਾਵੇਂ ਕਿ ਹਰ ਇਕ ਨੂੰ ਸੰਵਿਧਾਨਕ ਹੱਕ ਹੈ ਉਹ ਕਿਸੇ ਵੀ ਧਰਮ ਵਿੱਚ ਜਾ ਸਕਦਾ ਹੈ, ਪ੍ਰਚਾਰ ਕਰ ਸਕਦਾ ਹੈ। ਪਰ ਜਦ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੇ ਚੱਲਣ ਦਾ ਦਾਅਵਾ ਕਰਨ ਵਾਲੇ ਅਤੇ ਆਪਸ ਵਿੱਚ ਵੰਡੇ ਹੋਏ ਸੰਤ ਸਮਾਜ ਦੇ ਲੋਕ, ਸਮਾਜ ਨੂੰ "ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।" (ਪੰਨਾ 486) ਦਾ ਪਾਠ ਪੜ੍ਹਾਉਣ ਅਤੇ ਆਪਸ ਵਿੱਚ ਇਕ ਨਾ ਹੋਣ ਤਾਂ ਸਮਾਜ ਵਿੱਚ ਦੁਬਿਧਾ ਖੜ੍ਹੀ ਹੁੰਦੀ ਹੈ ਜੋ ਕਿ ਸਮਾਜ ਦੇ ਹਿਤ ਵਿੱਚ ਨਹੀਂ ਹੈ।

ਇਕ ਕਹਿੰਦੇ 'ਆਦਿ ਧਰਮ' ਲਿਖਾਉਣਾ ਤੁਸੀਂ,
ਦੂਜੇ ਕਹਿੰਦੇ ਲਿਖਾਓ 'ਰਵਿਦਾਸੀਆ ਧਰਮ' ਜੀ।
ਆਪ ਤਾਂ ਇਹ 'ਦੋ' ਹੋ ਰਹੇ ਨਹੀਂ ਇਕੱਠੇ ,
ਸਮਾਜ ਨੂੰ ਜੋੜਨ ਦਾ ਪਾਲ ਰੱਖਿਆ ਭਰਮ ਜੀ।
ਗੁਰੂ 'ਰਵਿਦਾਸ' ਜੀ ਦੀ ਰੂਹ ਕੁਰਲਾਉਂਦੀ ਹੋਣੀ,
ਵੇਖਕੇ ਇਹਨਾਂ ਦਾ ਸਮਾਜ ਜੋੜਨ ਦਾ ਕਰਮ ਜੀ।
ਉਂਝ ਦਿੰਦੇ ਨੇ ਸੰਦੇਸ਼ ਇਹ "ਮਧੁਪ ਮਖੀਰੇ" ਵਾਲਾ,
'ਮੇਜਰ' ਸਮਾਜ ਦੇ ਲੋਕ ਪੈਰ ਸੋਚਕੇ ਧਰਨ ਜੀ।

ਇਸ ਲਈ ਰਵਿਦਾਸੀਆ ਸਮਾਜ਼ ਦੇ ਬੁਧੀਜੀਵੀ ਸੂਝਵਾਨ ਲੋਕਾਂ ਨੂੰ ਧਰਮ ਸਬੰਧੀ ਫ਼ੈਸਲਾ ਭਾਵਨਾਵਾਂ ਨਾਲ ਨਹੀਂ, ਸਗੋਂ ਡੂੰਘੀ ਸੋਚ-ਵਿਚਾਰ ਨਾਲ ਸਹੀ ਫ਼ੈਸਲਾ ਕਰਨਾ ਚਾਹੀਦਾ ਹੈ।

ਸਮਾਜ ਦੇ ਲੋਕਾਂ ਨੂੰ ਇਹ ਵੀ ਨੋਟ ਕਰ ਲੈਣਾ ਚਾਹੀਦਾ ਹੈ,ਡੀ. ਭੀਮ ਰਾਓ ਅੰਬੇਡਕਰ ਜੀ ਸ਼ੁਰੂ ਤੋਂ ਹੀ ਮਹਾਤਮਾ ਫੂਲੇ ਜੀ, ਸੰਤ ਕਬੀਰ ਜੀ ਅਤੇ ਮਹਾਤਮਾ ਬੁੱਧ ਜੀ ਨੂੰ ਆਪਣੇ (ਤਿੰਨ) ਗੁਰੂ ਮੰਨਦੇ ਸਨ। ਉੱਚ ਵਿਦਿਆ ਪ੍ਰਾਪਤ, ਮਹਾਨ ਵਿਦਵਾਨ ਅਤੇ ਦਾਰਸ਼ਨਿਕ (ਫਿਲਾਸਫਰ) ਡਾ. ਅੰਬੇਡਕਰ ਜੀ ਦੇ ਸਾਹਮਣੇ ਜਦੋਂ 'ਧਰਮ' ਅਪਣਾਉਣ ਦਾ ਫ਼ੈਸਲਾ ਆਇਆ ਤਾਂ ਉਹ ਵੀ ਧਰਮ ਦੀ ਚੋਣ ਬਹੁਤ ਗੰਭੀਰਤਾ ਨਾਲ ਕਰ ਰਿਹਾ ਸੀ।

ਵੱਖ ਵੱਖ ਧਰਮਾਂ ਦਾ ਡੂੰਘਾ ਅਧਿਐਨ ਕਰਨ ਦੇ ਬਾਵਜੂਦ ਉਹਨਾਂ ਨੇ 'ਸਿੱਖ ਧਰਮ' ਦੀ ਸ਼ਸਤਰਧਾਰੀ ਅਤੇ ਜ਼ੁਲਮ-ਵਿਰੁਧ ਟਾਕਰਾ ਕਰਨ ਦੀ ਪ੍ਰੰਪਰਾ ਹੋਣ ਕਰਕੇ 'ਬੁਧ ਧਰਮ' ਨੂੰ ਨਹੀਂ, ਪਹਿਲਾਂ ਸਿੱਖ ਧਰਮ ਅਪਣਾਉਣ ਦਾ ਫ਼ੈਸਲਾ ਕੀਤਾ ਸੀ, ਕਿਉਂਕਿ ਇਹ ਪ੍ਰੰਪਰਾ 'ਬੁਧ ਧਰਮ' ਵਿੱਚ ਨਹੀਂ ਸੀ।

**ਮਹਾਤਮਾ ਬੁੱਧ ਕਹਿੰਦੇ ਹਨ –**

"ਮਹਾਤਮਾ ਗੌਤਮ ਬੁੱਧ' ਆਪਣੇ ਭਿਖਸ਼ੂ ਨੂੰ ਸਿਖਿਆ ਤੋਂ ਬਾਅਦ (ਪ੍ਰਚਾਰ ਤੇ ਭੇਜਣ ਸਮੇਂ) ਪੁੱਛਦਾ ਹੈ ਕਿ "ਅਗਰ ਕੋਈ ਤੈਨੂੰ ਮੰਦਾ ਬੋਲਦਾ ਹੈ, ਤੂੰ ਕੀ ਉਤਰ ਦੇਵੇਂਗਾ ? ਭਿਖਸ਼ੂ ਨੇ ਕਿਹਾ ਮੈਂ ਕੋਈ ਉਤਰ ਨਹੀਂ ਦਿਆਂਗਾ।" ਗੌਤਮ ਬੁੱਧ ਨੇ ਫਿਰ ਕਿਹਾ-ਜੇ ਤੈਨੂੰ ਉਹ ਮਾਰਨ; ਤਾਂ ਭਿਖਸ਼ੂ ਨੇ ਕਿਹਾ "ਮੈਂ ਸਾਂਤਮਈ ਰਹਾਂਗਾ।" ਗੌਤਮ ਬੁੱਧ ਨੇ ਫਿਰ ਪੁਛਿਆ "ਜੇ ਉਹ ਤੈਨੂੰ ਕਤਲ ਕਰਨ?" ਤਾਂ ਭਿਖਸ਼ੂ ਨੇ ਕਿਹਾ ਮਹਾਰਾਜ! ਜੀਵਨ, ਮ੍ਰਿਤੂ ਭਿਖਸ਼ੂ ਲਈ ਇਕ ਸਮਾਨ ਹਨ, ਮੇਰੇ ਮਨ ਵਿਚ ਨਾ ਜੀਵਤ ਰਹਿਣ ਦੀ ਇਛਾ ਹੈ ਨਾ ਮਰਨ ਦੀ।" ਇਹ ਉੱਤਰ ਸੁਣਕੇ 'ਗੌਤਮ ਬੁੱਧ' ਬਹੁਤ ਪ੍ਰਸੰਨ ਹੋਏ ਅਤੇ ਆਖਿਆ "ਹੈ ਭਿਖਸ਼ੂ ਤੂੰ 'ਧਰਮ ਤੱਤ' ਬੁੱਝ ਲਿਆ ਹੈ, ਜਾਹ ਜਾਕੇ ਧਰਮ ਪ੍ਰਚਾਰ ਕਰ।"

ਇਸ ਪ੍ਰਸੰਗ ਤੋਂ ਸਪੱਸ਼ਟ ਹੁੰਦਾ ਹੈ ਕਿ 'ਬੁੱਧ ਧਰਮ' ਦਾ ਰਾਹ ਅਹਿੰਸਾ ਅਤੇ ਸਹਿਣਸ਼ੀਲਤਾ 'ਤੇ ਆਧਾਰਿਤ ਹੈ, ਜਦਕਿ 'ਸਿੱਖ ਧਰਮ' ਅਨਿਆਂ ਦੇ ਵਿਰੁੱਧ ਸ਼ਸਤਰਧਾਰੀ ਵਿਰੋਧ ਨੂੰ ਵੀ ਜਾਇਜ਼ ਮੰਨਦਾ ਹੈ।"

ਇਸ ਲਈ 'ਸਿੱਖ ਧਰਮ' ਹੀ ਦਲਿਤ ਸਮਾਜ ਨੂੰ ਜਲਦੀ ਫਾਇਦਾ ਪਹੁੰਚਾ ਸਕਦਾ ਸੀ ਅਤੇ ਇਹਨਾਂ ਤੇ ਹੁੰਦੇ ਜ਼ਬਰ ਜ਼ੁਲਮ ਨੂੰ ਵੱਡੀ ਠੱਲ ਪਾ ਸਕਦਾ ਹੈ। 'ਸਿੱਖ ਧਰਮ' ਅੰਦਰ ਗਰੀਬ ਸਮਾਜ ਦੇ ਲੋਕ ਹਥਿਆਰਬੰਦ ਹੋਕੇ ਸੁਰੱਖਿਅਤ ਰਹਿ ਸਕਦੇ ਸਨ, ਕਿਉਂਕਿ ਹਥਿਆਰ ਰੱਖਣ ਦਾ ਅਧਿਕਾਰ ਸਿਰਫ਼ ਸਿੱਖ ਧਰਮ ਦੇ ਲੋਕਾਂ ਲਈ ਰਾਖਵਾਂ ਸੀ।

ਇਸ ਤੋਂ ਇਲਾਵਾ ਡਾ. ਅੰਬੇਡਕਰ ਜੀ ਦੇ ਸਾਹਮਣੇ ਗੁਰੂ ਸਹਿਬਾਨਾਂ ਦੇ ਦਲਿਤ ਸਮਾਜ ਦੇ ਹਿਤ ਵਿੱਚ ਕੀਤੇ ਗਏ ਵੱਡੇ ਕਾਰਨਾਮੇ ਮੌਜੂਦ ਸਨ।

ਸਿੱਖ ਧਰਮ (ਵਿਚਾਰਧਾਰਾ) ਦੇ ਮੋਢੀ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਸੀ –

"ਨੀਚਾਂ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ,
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।"
(ਪੰਨਾ 15)

ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਿਧਾਂਤ ਮੁਤਾਬਕ,ਆਪਣੀ ਗੱਲ ਉਤੇ ਅਮਲ ਕਰਦਿਆਂ ਨੀਚ ਕਹੇ ਜਾਂਦੇ ਲੋਕਾਂ ਨੂੰ ਗਲ ਨਾਲ ਲਾਇਆ, ਇਸ ਸਿਧਾਂਤ ਦੇ ਤਹਿਤ ਚਲਦਿਆਂ ਗੁਰੂ ਸਹਿਬਾਨਾਂ ਨੇ ਨੀਚ ਸਮਝੇ ਜਾਂਦੇ ਲੋਕਾਂ ਨੂੰ ਇਕ ਸੰਗਤ 'ਤੇ ਪੰਗਤ ਵਿੱਚ ਬਿਠਾਕੇ ਲੰਗਰ ਛਕਾਇਆ,ਇਕ ਸਰੋਵਰ ਵਿੱਚ ਸਭਨੂੰ ਇਕੱਠੇ ਨਹਲਾਇਆ, ਅੰਤ ਇਕੋ ਬਾਟੇ ਵਿੱਚ ਅੰਮ੍ਰਿਤ ਛਕਾਇਆ, ਘੋੜਿਆਂ ਤੇ ਚੜ੍ਹਾਇਆ,ਜਬਰ ਜ਼ੁਲਮ ਖ਼ਿਲਾਫ਼ ਲੜਨਾ ਸਿਖਾਇਆ ਅਤੇ ਸਰਦਾਰ ਬਣਾਇਆ, ਮਨੂੰਵਾਦ ਦੀਆਂ ਲਾਈਆਂ ਪਾਬੰਦੀਆਂ ਚਕਨਾਚੂਰ ਕਰਕੇ ਗੁਰੂ ਸਹਿਬਾਨਾਂ ਨੇ ਉਲਟੀ ਗੰਗਾ ਬਹਾ ਦਿੱਤੀ ਸੀ। ਇਹ ਸਮਾਜਿਕ ਵੱਡਾ ਇੰਨਕਲਾਬ ਸੀ , ਕੋਈ ਛੋਟੀ ਗੱਲ ਨਹੀਂ ਸੀ।

ਇਸ ਦੇ ਉਲਟ ਬਾਈ ਧਾਰ ਦੇ ਰਾਜਿਆਂ ਨੇ ਇਸ ਸਿਧਾਂਤ (ਇੰਨਕਲਾਬ) ਦਾ ਵਿਰੋਧ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ "ਅਸੀਂ ਅੰਮ੍ਰਿਤ ਵੀ ਛਕ ਲਵਾਂਗੇ, ਤੁਹਾਨੂੰ ਹਰ ਕਿਸਮ ਦੀ ਮੱਦਦ ਵੀ ਕਰਨ ਨੂੰ ਤਿਆਰ ਹਾਂ ਪਰ ਸਾਰਿਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਨਾ ਛਕਾਇਆ ਜਾਵੇ।" ਜਦ ਗੁਰੂ ਗੋਬਿੰਦ ਸਿੰਘ ਜੀ ਇਹਨਾਂ ਰਾਜਿਆਂ ਦੀ ਗੱਲ ਨਾ ਮੰਨਕੇ ਆਪਣੇ ਸਿਧਾਂਤ ਤੋਂ ਪਾਸੇ ਨਾ ਜਾਣ ਦਾ ਫ਼ੈਸਲਾ ਸੁਣਾ ਦਿੱਤਾ, ਤਾਂ ਇਹਨਾਂ ਪਹਾੜੀ ਰਾਜਿਆਂ ਦੇ ਮਨਾਂ ਅੰਦਰ ਹੋਰ ਵੀ ਈਰਖਾ ਪੈਦਾ ਹੋ ਗਈ।ਜਦ ਦੁਸ਼ਮਣ ਦੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਕਮਜ਼ੋਰ ਕਰਨ ਦੇ ਸਾਰੇ ਹੀਲੇ ਸਫ਼ਲ ਨਾ ਹੋਏ,ਹਰ ਵਾਰ ਮੂੰਹ ਦੀ ਖਾਣੀ ਪਈ ਤਾਂ ਇਹਨਾਂ ਰਾਜਿਆਂ ਵੱਲੋਂ ਮੁਗਲ ਫੌਜਾਂ ਨਾਲ ਮਿਲਕੇ ਰਹਿ ਰਹਿਕੇ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਹਰ ਤਰਾਂ ਦੇ ਹਮਲੇ ਜਾਇਜ ਸਮਝਕੇ ਭਾਰੀ ਨੁਕਸਾਨ ਕੀਤਾ ਜਾਣ ਲੱਗਾ, ਜਿਸ ਕਰਕੇ ਬਹੁਤ ਸਾਰੇ ਸਿੰਘਾਂ ਨੂੰ ਸ਼ਹੀਦ ਹੋਣਾ ਪਿਆ, ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਸਿੰਘ ਸੂਰਮਿਆਂ ਦੇ ਨਾਲ ਨਾਲ ਵੱਡੇ ਪੁੱਤਰ ਅਜੀਤ ਸਿੰਘ ਤੇ ਜੁਝਾਰ ਸਿੰਘ ਨੂੰ ਦੁਸ਼ਮਣਾਂ ਨਾਲ ਟੱਕਰ ਲੈਣ ਲਈ ਆਪ ਤਿਆਰ ਕਰਕੇ ਜੰਗ ਦੇ ਮੈਦਾਨ ਵਿੱਚ ਭੇਜਿਆ ਅਤੇ ਸ਼ਹੀਦ ਹੁੰਦੇ ਵੇਖਿਆ। ਦੁਸ਼ਮਣਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਬੱਚੇ ਜ਼ੋਰਾਵਰ ਸਿੰਘ, ਫਤਿਹ ਸਿੰਘ ਨੂੰ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ, ਮਾਤਾ ਗੁਜਰੀ ਜੀ ਠੰਡੇ ਬੁਰਜ ਵਿੱਚ ਸ਼ਹੀਦ ਹੋ ਗਏ।

ਇਕ ਹਫ਼ਤੇ ਵਿੱਚ ਪਰਿਵਾਰ ਦੇ ਪੰਜ ਮੈਂਬਰ ਸ਼ਹੀਦ ਹੋਣ ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਪਰਿਵਾਰ ਦੇ ਜੀਆਂ ਦਾ ਅੰਤਿਮ ਸੰਸਕਾਰ ਕਰਨਾ ਤਾਂ ਦੂਰ ਦੀ ਗੱਲ, ਜਾਂਦੀ ਵਾਰ ਮੂੰਹ ਵੀ ਨਹੀਂ ਵੇਖ ਸਕਿਆ। ਇਹ ਗੱਲ ਕਰਦਿਆਂ ਲਿਖਦਿਆਂ ਅੱਜ ਵੀ ਧਾਹ ਨਿਕਲਦੀ ਹੈ। ਐਡਾ ਵੱਡਾ ਵਿਛੋੜਾ, ਦੁੱਖ ਭਾਵੇਂ ਬਹੁਤ ਅਸਿਹ ਸੀ, ਪਰ ਗੁਰੂ ਗੋਬਿੰਦ ਸਿੰਘ ਨੇ ਫਿਰ ਵੀ ਹੌਂਸਲਾ ਨਹੀਂ ਸੀ ਹਾਰਿਆ।

ਦਲਿਤ ਬੁੱਧੀਜੀਵੀ ਭਰਾਵੋ ਅਤੇ ਸੂਝਵਾਨ ਲੋਕੋ! ਇਕ ਹੋਰ ਵੱਡੀ ਗੱਲ ਨੋਟ ਕਰਨ ਵਾਲੀ ਹੈ, ਹੋ ਸਕਦਾ ਇਹ ਵੀ ਅੰਬੇਡਕਰ ਜੀ ਦੇ ਧਿਆਨ ਵਿੱਚ ਵੀ ਹੋਵੇ, ਕਿ ਸਿੱਖ ਗੁਰੂ ਸਹਿਬਾਨਾਂ ਨੇ ਇਕ ਹੋਰ ਐਸਾ ਅਨੋਖਾ ਕੰਮ ਕੀਤਾ, ਜੋ ਨਾ ਪਹਿਲਾਂ ਕਿਸੇ ਨੇ ਕੀਤਾ ਸੀ ਅਤੇ ਨਾਹੀਂ ਕੋਈ ਬਾਅਦ ਵਿੱਚ ਕਰ ਸਕਿਆ, ਉਹ ਹੈ ਗੁਰੂ ਨਾਨਕ ਸਾਹਿਬ ਜੀ ਨੇ ਉਸ ਸਮੇਂ ਦੇ ਅਤੇ ਆਪਣੇ ਸਮੇਂ ਤੋਂ ਪਹਿਲਾਂ ਹੋਏ ਰਹਿਬਰ ਮੁਸਲਮਾਨ, ਬ੍ਰਾਹਮਣ,ਖਤਰੀ,ਵੈਸ਼, ਸ਼ੂਦਰ ਹਰ ਵਰਗ ਦੇ ਉੱਚੀ ਆਤਮਕ ਅਵਸਥਾ ਵਾਲੇ ਮਹਾਂਪੁਰਖਾਂ ਦੀ ਬਾਣੀ ਆਪ ਇਕੱਤਰ ਕੀਤੀ ਅਤੇ ਸਾਂਭ ਕੇ ਰੱਖਿਆ, ਆਪਣੇ ਤੋਂ ਬਾਅਦ ਦੂਜੇ ਪਾਤਸ਼ਾਹ ਅੰਗਦ ਸਾਹਿਬ ਜੀ ਨੂੰ ਜ਼ਿੰਮੇਦਾਰੀ ਦਿੰਦਿਆਂ ਨਾਲ ਇਹ ਸਾਰੀ ਦੀ ਸਾਰੀ ਬਾਣੀ ਸੰਭਾਲਣ ਦੀ ਜ਼ਿੰਮੇਵਾਰੀ ਦਿੱਤੀ,ਜੋ ਪੰਜਵੇਂ ਪਾਤਸ਼ਾਹ ਤੱਕ ਇਹ ਸਿਲਸਿਲਾ ਚਲਦਾ ਰਿਹਾ।

ਉਸ ਵਕਤ ਤਾਂ ਤਰਥੱਲੀ ਮੱਚ ਗਈ ਜਦੋਂ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਗੁਰੂ ਸਹਿਬਾਨਾਂ ਦੀ ਬਾਣੀ ਦੇ ਨਾਲ ਨਾਲ ਆਪਣੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਜੀ ਵਲੋਂ ਇਕੱਤਰ ਕੀਤੀ ਬਾਣੀ ਨੂੰ ਇਕੋ ਪੋਥੀ ਸਾਹਿਬ ਵਿੱਚ ਇਕੱਤਰ ਕਰਕੇ ਪੱਕੇ ਤੌਰ ਤੇ ਇਸ ਤਰਾਂ ਸੰਭਾਲ ਦਿੱਤਾ, ਕਿ ਕੋਈ ਵਿਰੋਧੀ ਬਾਅਦ ਵਿੱਚ ਮਿਲਾਵਟ ਨਾ ਕਰ ਸਕੇ। ਇਹ ਇਕ ਅਨੋਖੀ ਮਿਸ਼ਾਲ ਹੈ, ਜੋ ਸਿੱਖ ਗੁਰੂ ਸਹਿਬਾਨਾਂ ਤੋਂ ਬਿਨਾਂ ਕੋਈ ਹੋਰ ਨਹੀਂ ਕਰ ਸਕਿਆ। ਸਿੱਖ ਗੁਰੂ ਸਹਿਬਾਨਾਂ ਨੇ ਜੋ ਹਰ ਵਰਗ ਦੇ ਉੱਚੀ ਸੁੱਚੀ ਸੋਚ ਰੱਖਣ ਵਾਲੇ ਮਹਾਂਪੁਰਖਾਂ ਨੂੰ ਇਕ ਥਾਂ ਬਿਠਾਕੇ ਜੋ ਬਹੁਜਨ ਬਣਾਇਆ, ਉਹ ਹਰ ਇਕ ਨੂੰ ਕਲਾਵੇ ਵਿੱਚ ਲੈਣ ਵਾਲਾ ਸੀ ਅਤੇ ਹੈ।

ਇਸੇ ਕਰਕੇ ਹੀ ਡਾ.ਅੰਬੇਡਕਰ ਜੀ ਤੋਂ ਬਾਅਦ ਕਾਂਸ਼ੀ ਰਾਮ ਜੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਦੀ ਗੱਲ ਕਰਦੇ ਸੀ।ਡਾ. ਅੰਬੇਡਕਰ ਜੀ ਦੀ ਇਕ ਹੋਰ ਗੱਲ ਵੱਲ ਧਿਆਨ ਦਿਉ, ਬਾਬਾ ਸਾਹਿਬ ਅੰਬੇਡਕਰ ਜੀ ਚਾਹੁੰਦੇ ਹੋਏ ਵੀ ਜਦ 1935-36 ਵਿੱਚ ਮਹਾਤਮਾ ਗਾਂਧੀ ਅਤੇ ਮਾ. ਤਾਰਾ ਸਿੰਘ ਦੀਆਂ ਸਾਜ਼ਸ਼ਾਂ ਦੇ ਕਾਰਨ ਸਿੱਖ ਧਰਮ ਨਾ ਅਪਣਾ ਸਕੇ ਤਾਂ ਇਸ ਤੋਂ ਬਾਅਦ ਵੀ 19-20 ਸਾਲ ਤੱਕ 'ਬੁਧ ਧਰਮ' ਨਹੀਂ ਸੀ ਅਪਣਾਇਆ। ਅਖੀਰ ਅੰਤ ਸਮਾਂ ਨੇੜੇ ਦਿਸਦਾ ਵੇਖ ਅਤੇ ਆਪਣੀ ਸੌਂਹ ਪੂਰੀ ਕਰਨ ਲਈ "ਕਿ ਮੈਂ ਹਿੰਦੂ ਪੈਦਾ ਜ਼ਰੂਰ ਹੋਇਆ, ਪਰ ਹਿੰਦੂ ਮਰਾਂਗਾ ਨਹੀਂ।" 14 ਅਕਤੂਬਰ 1956 ਨੂੰ ਜਦ 'ਬੁਧ ਧਰਮ' ਅਪਣਾਇਆ ਤਾਂ ਅੰਬੇਡਕਰ ਸਾਹਿਬ ਜੀ ਗਿਣਤੀ ਦੇ ਦੋ ਮਹੀਨੇ ਵੀ ਪੂਰੇ ਨਾ ਕਰ ਸਕੇ, ਆਪਣੇ ਪ੍ਰਸ਼ੰਸਕਾਂ (6 ਦਸੰਬਰ 1956) ਨੂੰ ਰੋਂਦੇ ਕੁਰਲਾਉਂਦੇ ਛੱਡਕੇ ਸਦਾ ਲਈ ਇਸ ਦੁਨੀਆਂ ਤੋਂ ਚਲੇ ਗਏ।ਇਸ ਲਈ ਦਲਿਤ ਸਮਾਜ ਜਿੱਥੇ ਬਾਬਾ ਸਾਹਿਬ ਭੀਮ ਰਾਓ ਜੀ ਦੇ ਅਧੂਰੇ ਸੁਪਨੇ ਪੂਰੇ ਕਰਨ ਦੀ ਗੱਲ ਕਰਦੇ ਹਨ ਉਥੇ ਅੰਬੇਡਕਰ ਜੀ ਵੱਲੋਂ ਸਿੱਖ ਧਰਮ ਅਪਣਾਉਣ ਦਾ ਰਹਿ ਗਿਆ ਅਧੂਰਾ ਸੁਪਨੇ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।




**ਮੇਜਰ ਸਿੰਘ 'ਬੁਢਲਾਡਾ'**
94176 42327

# ਅਜੋਕੇ ਬਚਪਨ ਵਿੱਚ ਮਾਪਿਆਂ ਦੀ ਹਿੱਸੇਦਾਰੀ

"ਘਰ-ਪਰਿਵਾਰ " ਸ਼ਬਦ ਆਪਣੇ ਆਪ ਵਿੱਚ ਇੱਕ ਸੰਪੂਰਨ ਸ਼ਬਦ ਹੈ ਜਿਸ ਨੂੰ ਉਚਾਰਦਿਆਂ ਹੀ ਸਾਡੇ ਦਿਮਾਗ਼ ਵਿੱਚ ਇੱਕ ਘਰ ਦੀ ਚਾਰਦੀਵਾਰੀ ਅੰਦਰ ਇੱਕ ਸੋਹਣੇ ਜਿਹੇ ਪਰਿਵਾਰ ਦੀ ਤਸਵੀਰ ਘੁੰਮਣ ਲੱਗਦੀ ਹੈ ਜਿਸ ਵਿੱਚ ਵੱਡੇ ਬਜ਼ੁਰਗ ,ਮਾਤਾ, ਪਿਤਾ ਅਤੇ ਬੱਚੇ ਹੁੰਦੇ ਹਨ। ਜੇ ਦੇਖਿਆ ਜਾਵੇ ਤਾਂ ਜ਼ਮਾਨੇ ਦੇ ਬਦਲਣ ਨਾਲ ਪਰਿਵਾਰਾਂ ਦੇ ਢਾਂਚੇ,ਰਹਿਣ ਸਹਿਣ ਦੇ ਢੰਗ ਤਰੀਕੇ, ਬੱਚਿਆਂ ਦੀ ਪਰਵਰਿਸ਼ ਕਰਨ ਦੇ ਤੌਰ ਤਰੀਕੇ ਸਭ ਕੁਝ ਬਦਲ ਗਿਆ ਹੈ। ਅੱਜ ਦਾ ਬਚਪਨ ਪਹਿਲਾਂ ਵਾਲ਼ੇ ਬਚਪਨ ਦੇ ਮੁਕਾਬਲੇ ਬਹੁਤ ਸੁੱਖ ਸਹੂਲਤਾਂ ਨਾਲ ਭਰਪੂਰ ਅਰਾਮਦਾਇਕ ਬਚਪਨ ਬਣ ਗਿਆ ਹੈ। ਪਹਿਲਾਂ ਮਨੁੱਖ ਆਪਣੇ ਬਚਪਨ ਦੇ ਸਖ਼ਤ ਹਾਲਾਤਾਂ ਤੋਂ ਗੁਜ਼ਰਦਿਆਂ ਹੋਇਆਂ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਕਈ ਤਰ੍ਹਾਂ ਦੀਆਂ ਔਕੜਾਂ ਵਿੱਚੋਂ ਗੁਜ਼ਰਨਾ ਸਹਿਜ ਸੁਭਾਅ ਹੀ ਸਿੱਖ ਜਾਂਦਾ ਸੀ। ਅੱਜ ਕੱਲ੍ਹ ਦੇ ਮਾਪਿਆਂ ਵੱਲੋਂ ਔਲਾਦ ਨੂੰ ਮਹਿੰਗੇ ਕੱਪੜੇ, ਵਧੀਆ ਤੋਂ ਵਧੀਆ ਬਸਤੇ,ਮਹਿੰਗੀ ਸਟੇਸ਼ਨਰੀ ਪ੍ਰਦਾਨ ਕਰਨ ਤੋਂ ਸ਼ੁਰੂ ਹੋ ਕੇ ਕਾਲਜ ਵਿੱਚ ਪਹੁੰਚਦੇ ਪਹੁੰਚਦੇ ਵੱਡੀਆਂ ਵੱਡੀਆਂ ਕਾਰਾਂ ਜਾਂ ਮਹਿੰਗੇ ਮੋਟਰਸਾਈਕਲਾਂ ਤੱਕ ਪਹੁੰਚ ਜਾਂਦੀ ਹੈ। ਮਾਪਿਆਂ ਦੀ ਪਦਾਰਥਵਾਦੀ ਸੋਚ ਬੱਚਿਆਂ ਨੂੰ ਵੀ ਪਦਾਰਥਵਾਦੀ ਸੋਚ ਦਾ ਧਾਰਨੀ ਇਸ ਤਰ੍ਹਾਂ ਬਣਾ ਦਿੰਦੀ ਹੈ ਕਿ ਉਹਨਾਂ ਨੂੰ ਆਪਣੇ ਆਲ਼ੇ ਦੁਆਲ਼ੇ ਵਿੱਚੋਂ ਕਿਸੇ ਕੋਲੋਂ ਵਧੀਆ ਗੱਲਾਂ, ਨੈਤਿਕ ਕਦਰਾਂ ਕੀਮਤਾਂ ਇਕੱਠੀਆਂ ਕਰਨ ਦਾ ਹੁਨਰ ਆਉਣ ਦੀ ਬਜਾਏ ਉਹ ਆਪਣੇ ਆਲ਼ੇ ਦੁਆਲ਼ੇ ਦੇ ਲੋਕਾਂ ਵਿੱਚੋਂ ਅਮੀਰ ਲੋਕਾਂ ਨੂੰ ਚੁਣ ਕੇ ਉਹਨਾਂ ਦੁਆਰਾ ਵਰਤੀਆਂ ਜਾਣ ਵਾਲੀਆਂ ਮਹਿੰਗੀਆਂ ਵਸਤੂਆਂ ਨੂੰ ਚੁਣਨ ਲੱਗਦਾ ਹੈ। ਫਿਰ ਉਹੀ ਵਸਤਾਂ ਇਕੱਠੀਆਂ ਕਰਨ ਦੀ ਲਾਲਸਾ ਕਰਨ ਲੱਗਦਾ ਹੈ । ਜਿਸ ਦਾ ਨਤੀਜਾ ਮਾਪਿਆਂ ਉੱਤੇ ਭਾਰੂ ਪੈਂਦਾ ਹੈ।

ਮੰਨਿਆ ਕਿ ਸਮਿਆਂ ਦੇ ਸੰਗੀ ਬਣ ਕੇ ਚੱਲਣਾ ਹੀ ਪੈਂਦਾ ਹੈ ਪਰ ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਹੁੰਦਾ ਕਿ ਅਸੀਂ ਆਪਣੇ ਪਿਛੋਕੜ ਨੂੰ ਬਿਲਕੁਲ ਹੀ ਵਿਸਾਰ ਦੇਈਏ। ਅੱਜ ਕੱਲ੍ਹ ਦੇ ਮਾਪੇ ਤਾਂ ਬੱਚੇ ਨੂੰ ਜਨਮ ਤੋਂ ਪਹਿਲਾਂ ਹੀ ਫੋਟੋਸ਼ੂਟ ਕਰਵਾ ਕੇ ਉਸ ਨੂੰ ਅਮੀਰ ਹੋਣ ਦਾ ਅਹਿਸਾਸ ਕਰਵਾਉਣ ਲੱਗ ਪਏ ਹਨ, ਜੰਮਦਿਆਂ ਹੀ ਉਸ ਦੇ ਆਲ਼ੇ ਦੁਆਲ਼ੇ ਮਹਿੰਗੇ ਮਹਿੰਗੇ ਤੋਹਫ਼ਿਆਂ ਦੀ ਭਰਮਾਰ, ਜਨਮ ਦੀ ਸਾਲਗਿਰਹਾ ਦੀ ਥਾਂ ਹਰ ਮਹੀਨੇ ਜਨਮ ਦਿਨ ਮਨਾਉਣ ਦਾ ਰਿਵਾਜ ਤੋਰਨਾ ਮਹਿਜ਼ ਫੁਕਰੇਪਣ ਤੋਂ ਇਲਾਵਾ ਹੋਰ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹਨਾਂ ਗੱਲਾਂ ਦਾ ਮਨੁੱਖ ਦੀ ਝੂਠੀ ਸ਼ੋਹਰਤ ਜਾਂ ਵਿਖਾਵੇ ਦੀ ਜ਼ਿੰਦਗੀ ਵਿੱਚ ਤਾਂ ਕੋਈ ਸਥਾਨ ਹੋ ਸਕਦਾ ਹੈ ਪਰ ਆਮ ਜ਼ਿੰਦਗੀ ਵਿੱਚ ਇਹਨਾਂ ਗੱਲਾਂ ਦਾ ਕੋਈ ਖਾਸ ਮਹੱਤਵ ਨਹੀਂ ਹੁੰਦਾ। ਆਪਣੇ ਵੱਡਿਆਂ ਦੇ ਹੱਥਾਂ ਦੇ ਝੂਲਿਆਂ ਵਿੱਚ ਝੂਲ ਝੂਲ ਕੇ, ਮਿੱਠੀਆਂ ਮਿੱਠੀਆਂ ਲੋਰੀਆਂ ਸੁਣਨ ਨਾਲ ਬੱਚਿਆਂ ਨੂੰ ਜਿਹੜਾ ਸਕੂਨ ਮਿਲਦਾ ਹੈ ਉਹ ਸੋਨੇ ਦੇ ਪੰਘੂੜਿਆਂ ਦੇ ਹੁਲਾਰਿਆਂ ਵਿੱਚ ਕਦੇ ਨਹੀਂ ਮਿਲ ਸਕਦਾ। ਬਚਪਨ ਇੱਕ ਉਹ ਅਵਸਥਾ ਹੈ ਜਿਸ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਆਉਣ ਵਾਲੀ ਜ਼ਿੰਦਗੀ ਦੇ ਲੰਮੇ ਪੈਂਡਿਆਂ ਦੇ ਸਫ਼ਰ ਲਈ ਤਿਆਰ ਕਰ ਰਹੇ ਹੁੰਦੇ ਹਨ। ਕੁਝ ਕੁ ਦਹਾਕੇ ਪਹਿਲਾਂ ਦੇ ਬੱਚੇ ਅੱਜ ਕੱਲ੍ਹ ਦੀਆਂ ਸੁੱਖ ਸਹੂਲਤਾਂ ਤੋਂ ਸੱਖਣੇ ਸਨ । ਉਹ ਆਪਣੇ ਆਪ ਹੀ ਖੇਡਾਂ ਬਣਾ ਲੈਂਦੇ ਸਨ ਤੇ ਆਪਣੇ ਆਪ ਹੀ ਆਲ਼ੇ ਦੁਆਲ਼ੇ ਵਿੱਚੋਂ ਕੁਝ ਸਮਾਨ ਇਕੱਠਾ ਕਰ ਕੇ ਖੇਡ ਲੈਂਦੇ ਸਨ , ਜਿਵੇਂ ਲੀਰਾਂ ਜਾਂ ਕਾਗਜ਼ਾਂ ਨੂੰ ਗੁੱਛਮੁੱਛ ਕਰਕੇ ਖੁੱਦੋ ਬਣਾ ਲੈਂਦੇ ਸਨ ਤੇ ਕੋਈ ਸੋਟੀ ਨੂੰ ਖੂੰਡੀ ਬਣਾ ਕੇ ਖਿੱਦੋ ਖੂੰਡੀ ਖੇਡ ਲੈਂਦੇ ਸਨ। ਦਰਖ਼ਤ ਦੀ ਟਾਹਣੀ ਨਾਲੋਂ ਅੰਗਰੇਜ਼ੀ ਦੇ "ਵਾਈ" ਅਕਾਰ ਦੀ ਛੋਟੀ ਜਿਹੀ ਟਾਹਣੀ ਤੋੜ ਕੇ ਗੁਲੇਲ ਬਣਾ ਲੈਂਦੇ ਸਨ ਉਸ ਨਾਲ ਛੋਟੇ ਪੱਥਰਾਂ ਨਾਲ ਨਿਸ਼ਾਨੇਬਾਜ਼ੀ ਸਿੱਖ ਜਾਂਦੇ ਸਨ ਜਾਂ ਅਨੇਕਾਂ ਇਹੋ ਜਿਹੀਆਂ ਹੋਰ ਖੇਡਾਂ ਖੇਡਦੇ ਸਨ। ਅੱਜ ਦੀਆਂ ਵੱਡੀਆਂ ਖੇਡਾਂ ਦਾ ਮੂਲ ਆਧਾਰ ਇਹੀ ਦੇਸੀ ਖੇਡਾਂ ਹਨ ਜੋ ਪੁਰਾਣਿਆਂ ਬਚਪਨਾਂ ਦੀ ਇਜਾਦ ਮੰਨੀਆਂ ਜਾ ਸਕਦੀਆਂ ਹਨ। ਬੱਚੇ ਕਈ ਇਹੋ ਜਿਹੀਆਂ ਖੇਡਾਂ ਜਿਵੇਂ ਕੋਟਲਾ ਛਪਾਕੀ,ਸ਼ਟਾਪੂ, ਭੰਡਾ ਭੰਡਾਰੀਆ ਆਦਿ ਆਪ ਹੀ ਬਣਾ ਲੈਂਦੇ ਸਨ ਜਿਸ ਵਿੱਚ ਕੋਈ ਸਮਾਨ ਦੀ ਜ਼ਰੂਰਤ ਹੀ ਨਾ ਪੈਂਦੀ। ਇਸ ਗੱਲ ਤੋਂ ਇਹੀ ਸਿੱਧ ਹੁੰਦਾ ਹੈ ਕਿ ਪਹਿਲਾਂ ਬੱਚੇ ਖੋਜੀ ਪ੍ਰਵਿਰਤੀ ਦੇ ਹੁੰਦੇ ਸਨ। ਉਹ ਆਪਣੇ ਆਪ ਹੀ ਹਾਲਾਤਾਂ ਨਾਲ ਸਮਝੌਤਾ ਕਰ ਲੈਂਦੇ ਸਨ । ਉਹ ਬਹੁਤ ਹੀ ਸਬਰ ਸੰਤੋਖ ਵਾਲ਼ੇ ਅਤੇ ਆਪੇ ਖੁਸ਼ੀਆਂ ਲੱਭਣ ਵਰਗੇ ਨੈਤਿਕ ਗੁਣ ਲੱਭ ਕੇ ਉਹਨਾਂ ਦੇ ਧਾਰਨੀ ਬਣ ਜਾਂਦੇ ਸਨ। ਪਰ ਅੱਜ ਕੱਲ੍ਹ ਦੇ ਬੱਚਿਆਂ ਨੂੰ ਸੁਰਤ ਸੰਭਾਲਦਿਆਂ ਹੀ ਪਦਾਰਥਾਂ ਦੀ ਅਹਿਮੀਅਤ ਦਿਖਾਈ ਦੇਣ ਲੱਗਦੀ ਹੈ ਜਿਸ ਨਾਲ ਇਹ ਸਭ ਕੁਝ ਉਹਨਾਂ ਉੱਤੇ ਐਨਾ ਭਾਰੂ ਹੋ ਜਾਂਦਾ ਹੈ ਕਿ ਉਹ ਛੋਟੀਆਂ ਛੋਟੀਆਂ ਗੱਲਾਂ ਲਈ ਦੂਜਿਆਂ ਉੱਤੇ ਜਾਂ ਵਸਤਾਂ ਤੇ ਨਿਰਭਰ ਹੋਣ ਲੱਗਦੇ ਹਨ । ਉਹਨਾਂ ਦੀ ਸੋਚ ਅੰਦਰ ਸੌੜਾਪਣ ਪੈਦਾ ਹੋ ਕੇ ਉਹ ਤੰਗ ਦਿਲ ਜਿਹੇ ਇਨਸਾਨ ਵਜੋਂ ਉਭਰਨ ਲੱਗਦੇ ਹਨ । ਇਹੀ ਕਾਰਨ ਹੈ ਕਿ ਅੱਜ ਦੀ ਦੁਨੀਆਂ ਬਹੁਤ ਤੰਗਦਿਲ ਲੋਕਾਂ ਦੀ ਬਣਦੀ ਜਾ ਰਹੀ ਹੈ । ਅੱਜ ਦੇ ਬੱਚਿਆਂ ਵਿੱਚ ਸਹਿਣਸ਼ੀਲਤਾ ਘਟਣ ਦਾ ਕਾਰਨ ਵੀ ਇਹੀ ਹੈ । ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੋਣ ਕਰਕੇ ਉਹਨਾਂ ਵਿੱਚ ਗੱਲ ਗੱਲ ਤੇ ਗੁੱਸਾ ਕਰਨ ਦੀ ਆਦਤ ਵਧ ਰਹੀ ਹੈ।

ਜੇ ਸੱਚ ਮੁੱਚ ਮਾਪੇ ਆਪਣੇ ਬੱਚਿਆਂ ਨੂੰ ਇੱਕ ਦਮਦਾਰ ਸ਼ਖ਼ਸੀਅਤ ਦੇ ਮਾਲਕ ਬਣਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮਹਿੰਗੀਆਂ ਵਸਤੂਆਂ ਖਰੀਦ ਕੇ ਦੇਣ ਦੀ ਥਾਂ ਪੁਰਾਣੇ ਬਚਪਨਾਂ ਵਾਂਗ ਖੁੱਲ੍ਹਾ ਡੁੱਲ੍ਹਾ ਮਾਹੌਲ ਸਿਰਜਣ ਦੀ ਲੋੜ ਹੈ ਜਿਸ ਵਿੱਚ ਉਹ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਅਜ਼ਾਦ ਮਹਿਸੂਸ ਕਰ ਸਕਣ। ਅੱਜ ਕੱਲ੍ਹ ਮਾਪਿਆਂ ਵੱਲੋਂ ਆਪਣੇ ਰੁਝੇਵਿਆਂ ਵਿਚੋਂ ਕੁਝ ਸਮਾਂ ਕੱਢਕੇ ਪਰਿਵਾਰਕ ਮਾਹੌਲ ਵਿੱਚ ਬੱਚਿਆਂ ਨੂੰ ਖੁੱਲ੍ਹ ਕੇ ਖੇਡਣ ਲਈ ਮੌਕੇ ਪ੍ਰਦਾਨ ਕੀਤੇ ਜਾਣ ਦੀ ਲੋੜ ਹੈ। ਉਹਨਾਂ ਅੰਦਰ ਆਪਣੇ ਦਿਲ ਦੀ ਗੱਲ ਖੁੱਲ੍ਹ ਕੇ ਦੱਸਣ ਦੇ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਅੱਜ ਦਾ ਬਚਪਨ ਸਕੂਲ ਦੀ ਚਾਰਦੀਵਾਰੀ ਤੇ ਫਿਰ ਘਰ ਆ ਕੇ ਟਿਊਸ਼ਨਾਂ ਦੀ ਚਾਰਦੀਵਾਰੀ ਦੇ ਅੰਦਰ ਤੇ ਫਿਰ ਘਰ ਦੇ ਵਿੱਚ ਬੱਚਿਆਂ ਵਾਲੇ ਕਮਰੇ ਦੀ ਚਾਰਦੀਵਾਰੀ ਵਿੱਚ ਕੈਦ ਹੁੰਦਾ ਜਾ ਰਿਹਾ ਹੈ। ਐਕਟੀਵਿਟੀ (ਕਾਰਜਸ਼ੀਲ ਪੜ੍ਹਾਈ ਪ੍ਰਣਾਲੀ) ਦੇ ਨਾਂ ਤੇ ਹੋਣ ਵਾਲੀ ਪੜ੍ਹਾਈ ਦੇ ਵਿੱਚ ਬੱਚਾ ਐਨਾ ਉਲਝਿਆ ਹੁੰਦਾ ਹੈ ਕਿ ਉਹ ਮਾਪਿਆਂ ਜਾਂ ਹੋਰਾਂ ਦੀ ਮਦਦ ਨਾਲ ਉਸ ਕੰਮ ਨੂੰ ਪੂਰਾ ਕਰਦਾ ਨਜ਼ਰ ਆਉਂਦਾ ਹੈ । ਜਿਸ ਦੇ ਬੋਝ ਹੇਠ ਉਸ ਦੇ ਖੁੱਲ੍ਹ ਕੇ ਜਿਊਣ ਵਾਲ਼ਾ ਬਚਪਨ ਆਪਣੇ ਆਪ ਖ਼ਤਮ ਹੋ ਜਾਂਦਾ ਹੈ। ਕਈ ਵਾਰ ਵੇਖਣ ਵਿੱਚ ਆਇਆ ਹੈ ਕਿ ਛੋਟੀਆਂ ਜਮਾਤਾਂ ਤੋਂ ਲੈਕੇ ਵੱਡੀਆਂ ਜਮਾਤਾਂ ਤੱਕ ਦੇ ਬੱਚਿਆਂ ਦੇ ਮਾਪੇ ਉਹਨਾਂ ਨੂੰ ਮੁੱਲ ਦੇ ਪ੍ਰੋਜੈਕਟ ਖਰੀਦ ਕੇ ਦਿੰਦੇ ਹਨ ਜਿਸ ਕਾਰਨ ਬੱਚਾ ਚੰਗੇ ਨੰਬਰ ਤਾਂ ਲੈ ਲੈਂਦਾ ਹੈ ਪਰ ਅਸਲੀ ਜਾਣਕਾਰੀ ਤੋਂ ਸੱਖਣਾ ਰਹਿ ਜਾਂਦਾ ਹੈ। ਬੱਚਾ ਓਨਾ ਹੀ ਸਿੱਖਦਾ ਹੈ ਜਿੰਨਾ ਉਸ ਨੂੰ ਪੜ੍ਹਾਇਆ ਜਾਂ ਸਿਖਾਇਆ ਜਾਂਦਾ ਹੈ। ਇਸ ਵਿੱਚ ਕਿਧਰੇ ਵੀ ਸਹਿਣਸ਼ੀਲਤਾ,ਸਨੇਹ, ਰੁੱਸਣਾ ਮੰਨਣਾ ਵਰਗੇ ਗੁਣ ਨਹੀਂ ਲੱਭਦੇ ਹਨ। ਅੱਜ ਦੇ ਬਚਪਨ ਵਿੱਚ ਮਾਪਿਆਂ ਦੀ ਹਿੱਸੇਦਾਰੀ ਸਿਰਫ਼ ਪੈਸਾ, ਸੁੱਖ ਸਹੂਲਤਾਂ, ਵਧੀਆ ਸਕੂਲ, ਵਧੀਆ ਟਿਊਟਰ ਅਤੇ ਬੱਚਿਆਂ ਨੂੰ ਸਕੂਲ ਛੱਡਣ ਜਾਂ ਲਿਆਉਣ ਜਿੰਨੀ ਹੀ ਰਹਿ ਗਈ ਹੈ। ਇਸ ਸਭ ਕੁਝ ਨੂੰ ਅੱਜ ਦੇ ਮਾਪੇ ਆਪਣੇ ਵੱਲੋਂ ਦਿੱਤੀ ਜਾਣ ਵਾਲੀ ਵਧੀਆ ਪਰਵਰਿਸ਼ ਦਾ ਨਾਂ ਦਿੰਦੇ ਹਨ ਜਦ ਕਿ ਇਹ ਸਭ ਕੁਝ ਕਾਫ਼ੀ ਨਹੀਂ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਪੂਰੀ ਤਰ੍ਹਾਂ ਉਹਨਾਂ ਦੇ ਅਸਲੀ ਹੱਕਾਂ ਤੋਂ ਵਾਂਝਿਆਂ ਰੱਖ ਰਹੇ ਹੁੰਦੇ ਹਨ। ਅੱਜ ਦਾ ਬਚਪਨ ਖੁੱਲ੍ਹੇ ਅਸਮਾਨਾਂ ਦੀਆਂ ਹਵਾਵਾਂ ਵਿੱਚ ਖੁੱਲ੍ਹ ਕੇ ਜਿਊਣ ਤੋਂ ਵਾਂਝਾ ਹੋ ਗਿਆ ਹੈ। ਜਿਸ ਨਾਲ ਉਹ ਜਵਾਨੀ ਵਿੱਚ ਭਟਕਣ ਮਹਿਸੂਸ ਕਰਦਾ ਹੋਇਆ ਕੁਰਾਹੇ ਪੈ ਜਾਂਦਾ ਹੈ। ਉਹ ਇਸ ਸਭ ਦੀ ਕਮੀ ਆਪਣੇ ਦੋਸਤਾਂ ਨਾਲ਼ ਅੱਧੀ ਅੱਧੀ ਰਾਤ ਤੱਕ ਘੁੰਮ ਫਿਰ ਕੇ ਪੂਰੀ ਕਰਦਾ ਹੈ। ਲੋੜ ਹੈ ਅੱਜ ਦੇ ਮਾਪਿਆਂ ਵੱਲੋਂ ਆਪਣੇ ਬੱਚਿਆਂ ਦੇ ਬਚਪਨ ਨੂੰ ਸੰਭਾਲਣ ਦੀ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੀ ਮਾਰਗਦਰਸ਼ਨ ਕਰਕੇ ਫਿਰ ਤੋਂ ਇੱਕ ਨਰੋਆ ਸਮਾਜ ਸਿਰਜਣ ਦੇ ਯੋਗ ਹੋ ਸਕੀਏ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਸੱਚਾਈ ਅਤੇ ਪਾਰਦਰਸ਼ਿਤਾ

ਕਿਸੇ ਵੀ ਸੰਸਥਾ—ਭਾਵੇਂ ਉਹ ਸਰਕਾਰੀ ਦਫ਼ਤਰ ਹੋਵੇ, ਸਕੂਲ, ਹਸਪਤਾਲ, ਵਪਾਰਕ ਅਦਾਰਾ ਜਾਂ ਨਿੱਜੀ ਕੰਪਨੀ—ਦੀ ਸਫ਼ਲਤਾ ਦਾ ਸਭ ਤੋਂ ਵੱਡਾ ਆਧਾਰ ਉਸ ਦਾ ਪ੍ਰਸ਼ਾਸਨ ਹੁੰਦਾ ਹੈ। ਯੋਜਨਾਬੰਦੀ, ਫ਼ੈਸਲੇ ਲੈਣਾ, ਕੰਮਾਂ ਦਾ ਤਾਲਮੇਲ ਬਣਾਈ ਰੱਖਣਾ ਅਤੇ ਨਿਰਧਾਰਤ ਟੀਚਿਆਂ ਨੂੰ ਸਮੇਂ ਸਿਰ ਪੂਰਾ ਕਰਨਾ ਪ੍ਰਸ਼ਾਸਨ ਦੀਆਂ ਮੁੱਖ ਜ਼ਿੰਮੇਵਾਰੀਆਂ ਹਨ। ਪਰ ਕੋਈ ਵੀ ਪ੍ਰਸ਼ਾਸਨ ਉਸ ਵੇਲੇ ਤੱਕ ਹੀ ਪ੍ਰਭਾਵਸ਼ਾਲੀ ਰਹਿ ਸਕਦਾ ਹੈ ਜਦੋਂ ਉਸ ਦੀ ਬੁਨਿਆਦ ਸੱਚਾਈ ਅਤੇ ਪਾਰਦਰਸ਼ਿਤਾ ਵਰਗੇ ਨੈਤਿਕ ਮੁੱਲਾਂ 'ਤੇ ਟਿਕੀ ਹੋਵੇ। ਇਹ ਕੇਵਲ ਚੰਗੇ ਆਚਰਣ ਦੇ ਸਿਧਾਂਤ ਨਹੀਂ, ਸਗੋਂ ਇੱਕ ਸਫ਼ਲ, ਭਰੋਸੇਯੋਗ ਅਤੇ ਜਵਾਬ-ਦੇਹ ਪ੍ਰਬੰਧਨ ਦੀਆਂ ਅਟੱਲ ਲੋੜਾਂ ਹਨ।

ਸੱਚਾਈ ਦਾ ਅਰਥ ਹੈ ਹਰ ਸਥਿਤੀ ਵਿੱਚ ਇਮਾਨਦਾਰੀ ਨਾਲ ਸੱਚ ਬੋਲਣਾ ਅਤੇ ਤੱਥਾਂ ਨੂੰ ਨਾ ਲੁਕਾਉਣਾ। ਪਾਰਦਰਸ਼ਿਤਾ ਦਾ ਭਾਵ ਹੈ ਕਿ ਪ੍ਰਸ਼ਾਸਨ ਦੇ ਫ਼ੈਸਲੇ, ਨੀਤੀਆਂ ਅਤੇ ਕਾਰਵਾਈਆਂ ਸਪੱਸ਼ਟ, ਨਿਰਪੱਖ ਅਤੇ ਜਵਾਬਦੇਹ ਹੋਣ। ਜਦੋਂ ਇਹ ਦੋਵੇਂ ਗੁਣ ਕਿਸੇ ਸੰਸਥਾ ਦੇ ਪ੍ਰਬੰਧ ਵਿੱਚ ਸ਼ਾਮਲ ਹੁੰਦੇ ਹਨ ਤਾਂ ਕਰਮਚਾਰੀਆਂ ਵਿੱਚ ਵਿਸ਼ਵਾਸ ਪੈਦਾ ਹੁੰਦਾ ਹੈ। ਉਹ ਇਹ ਮਹਿਸੂਸ ਕਰਦੇ ਹਨ ਕਿ ਤਰੱਕੀਆਂ, ਜ਼ਿੰਮੇਵਾਰੀਆਂ, ਇਨਾਮ ਅਤੇ ਅਨੁਸ਼ਾਸਨਾਤਮਕ ਕਾਰਵਾਈਆਂ ਯੋਗਤਾ ਅਤੇ ਨਿਰਪੱਖਤਾ ਦੇ ਆਧਾਰ 'ਤੇ ਹੁੰਦੀਆਂ ਹਨ, ਨਾ ਕਿ ਪੱਖਪਾਤ ਜਾਂ ਨਿੱਜੀ ਪ੍ਰਭਾਵ ਦੇ ਆਧਾਰ 'ਤੇ। ਅਜਿਹਾ ਮਾਹੌਲ ਟੀਮ ਵਰਕ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਹਰ ਕਰਮਚਾਰੀ ਨੂੰ ਆਪਣਾ ਸਰਵੋਤਮ ਯੋਗਦਾਨ ਦੇਣ ਲਈ ਪ੍ਰੇਰਿਤ ਕਰਦਾ ਹੈ।

ਸੱਚਾਈ ਵਾਲੇ ਪ੍ਰਸ਼ਾਸਨ ਦਾ ਸਭ ਤੋਂ ਵੱਡਾ ਲਾਭ ਆਪਸੀ ਭਰੋਸੇ ਦੀ ਸਥਾਪਨਾ ਹੈ। ਭਰੋਸਾ ਉਹ ਅਦਿੱਖ ਤਾਕਤ ਹੈ ਜੋ ਕਿਸੇ ਵੀ ਸੰਸਥਾ ਨੂੰ ਇੱਕਜੁੱਟ ਰੱਖਦੀ ਹੈ। ਕਰਮਚਾਰੀ ਉਹਨਾਂ ਪ੍ਰਬੰਧਕਾਂ ਦੀ ਅਗਵਾਈ ਨੂੰ ਖ਼ੁੱਸ਼ੀ-ਖ਼ੁੱਸ਼ੀ ਸਵੀਕਾਰ ਕਰਦੇ ਹਨ ਜੋ ਆਪਣੇ ਬਚਨਾਂ ਅਤੇ ਕਰਮਾਂ ਵਿੱਚ ਇਮਾਨਦ-ਾਰ ਅਤੇ ਇਕਸਾਰ ਹੁੰਦੇ ਹਨ। ਅਜਿਹੇ ਮਾਹੌਲ ਵਿੱਚ ਲੋਕ ਆਪਣੀਆਂ ਸਮੱਸਿਆਵਾਂ ਖੁੱਲ੍ਹ ਕੇ ਦੱਸਦੇ ਹਨ, ਨਵੇਂ ਵਿਚਾਰ ਪੇਸ਼ ਕਰਦੇ ਹਨ ਅਤੇ ਉਸਾਰੂ ਆਲੋਚਨਾ ਨੂੰ ਵੀ ਸਵੀਕਾਰ ਕਰਦੇ ਹਨ। ਇਸ ਦੇ ਉਲਟ, ਝੂਠ ਅਤੇ ਧੋਖਾਧੜੀ ਵਿਸ਼ਵਾਸ ਨੂੰ ਤੋੜ ਦਿੰਦੇ ਹਨ, ਸ਼ੱਕ ਦਾ ਮਾਹੌਲ ਪੈਦਾ ਕਰਦੇ ਹਨ ਅਤੇ ਪ੍ਰਸ਼ਾਸਨ ਅਤੇ ਕਰਮਚਾਰੀਆਂ ਵਿਚਕਾਰ ਦੂਰੀ ਵੱਧਾ ਦਿੰਦੇ ਹਨ।ਪਾਰਦਰਸ਼ਿਤਾ ਪ੍ਰਸ਼ਾਸਨ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀ ਹੈ। ਜਦੋਂ ਨੀਤੀਆਂ, ਵਿੱਤੀ ਲੈਣ-ਦੇਣ, ਭਰਤੀਆਂ, ਤਬਾਦਲੇ, ਤਰੱਕੀਆਂ ਅਤੇ ਮੁਲਾਂਕਣ ਦੀਆਂ ਪ੍ਰਕਿਰਿਆਵਾਂ ਖੁੱਲ੍ਹੇ ਅਤੇ ਸਪੱਸ਼ਟ ਢੰਗ ਨਾਲ ਕੀਤੀਆਂ ਜਾਂਦੀਆਂ ਹਨ ਤਾਂ ਗ਼ਲਤਫ਼ਹਿਮੀਆਂ ਅਤੇ ਅਫ਼ਵਾਹਾਂ ਨੂੰ ਜਨਮ ਨਹੀਂ ਮਿਲਦਾ। ਕਰਮਚਾਰੀ ਹਰ ਫ਼ੈਸਲੇ ਦੇ ਕਾਰਨ ਨੂੰ ਸਮਝਦੇ ਹਨ ਅਤੇ ਸੰਸਥਾ ਪ੍ਰਤੀ ਉਹਨਾਂ ਦਾ ਭਰੋਸਾ ਹੋਰ ਮਜ਼ਬੂਤ ਹੁੰਦਾ ਹੈ। ਖੁੱਲ੍ਹੇ ਪ੍ਰਬੰਧ ਵਿੱਚ ਗਲਤੀਆਂ ਨੂੰ ਸਮੇਂ ਸਿਰ ਪਛਾਣ ਕੇ ਠੀਕ ਕਰਨਾ ਵੀ ਆਸਾਨ ਹੋ ਜਾਂਦਾ ਹੈ, ਜਿਸ ਨਾਲ ਨਿਰੰਤਰ ਸੁਧਾਰ ਦੀ ਪ੍ਰਕਿਰਿਆ ਜਾਰੀ ਰਹਿੰਦੀ ਹੈ। ਸੱਚਾਈ ਅਤੇ ਪਾਰਦਰਸ਼ਤਾ ਭ੍ਰਿਸ਼ਟਾਚਾਰ ਵਿਰੁੱਧ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਹਨ। ਭ੍ਰਿਸ਼ਟਾਚਾਰ ਹਮੇਸ਼ਾ ਗੁਪਤਤਾ ਅਤੇ ਜਵਾਬਦੇਹੀ ਦੀ ਘਾਟ ਵਿੱਚ ਪੈਦਾ ਹੁੰਦਾ ਹੈ। ਜਦੋਂ ਹਰ ਕਾਰਵਾਈ ਦਾ ਸਹੀ ਰਿਕ-ਾਰਡ ਰੱਖਿਆ ਜਾਂਦਾ ਹੈ, ਦਸਤਾਵੇਜ਼ੀ ਪ੍ਰਬੰਧ ਮਜ਼ਬੂਤ ਹੁੰਦਾ ਹੈ, ਨਿਯਮਤ ਆਡਿਟ ਹੁੰਦੇ ਹਨ ਅਤੇ ਖੁੱਲ੍ਹਾ ਸੰਚਾਰ ਕਾਇਮ ਰਹਿੰਦਾ ਹੈ, ਤਾਂ ਸਰੋਤਾਂ ਦੀ ਦੁਰਵਰਤੋਂ ਦੀ ਸੰਭਾਵਨਾ ਬਹੁਤ ਘੱਟ ਰਹਿ ਜਾਂਦੀ ਹੈ। ਇਸ ਨਾਲ ਨਾ ਕੇਵਲ ਕਾਰਜਕੁਸ਼ਲਤਾ ਵੱਧਦੀ ਹੈ, ਸਗੋਂ ਆਰਥਿਕ ਨੁਕਸਾਨ ਅਤੇ ਗੈਰ-ਨੈਤਿਕ ਪ੍ਰਥਾਵਾਂ ਵਿੱਚ ਵੀ ਕਮੀ ਆਉਂਦੀ ਹੈ।

ਸਿੱਖਿਆ ਸੰਸਥਾਵਾਂ ਇਸ ਦੀਆਂ ਸਭ ਤੋਂ ਵਧੀਆ ਉਦਾਹਰਨਾਂ ਹਨ। ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀ, ਅਧਿਆਪਕ, ਮਾਪੇ ਅਤੇ ਪ੍ਰਸ਼ਾਸਨ ਇੱਕੋ ਟੀਚੇ ਲਈ ਕੰਮ ਕਰਦੇ ਹਨ। ਜੇਕਰ ਦਾਖ਼ਲਾ ਪ੍ਰਕਿਰਿਆ, ਵਿਦਿਆਰਥੀਆਂ ਦਾ ਮੁਲਾਂਕਣ, ਡਿਊਟੀਆਂ ਦੀ ਵੰਡ ਅਤੇ ਮਾਪਿਆਂ ਨਾਲ ਸੰਚਾਰ ਪਾਰਦਰਸ਼ੀ ਹੋਵੇ ਤਾਂ ਸੰਸਥਾ ਦੀ ਭਰੋਸੇਯੋਗਤਾ ਵਿੱਚ ਕਾਫ਼ੀ ਵਾਧਾ ਹੁੰਦਾ ਹੈ। ਜਦੋਂ ਅਧਿਆਪਕਾਂ ਨਾਲ ਨਿਰਪੱਖਤਾ ਦਾ ਵਿਓਹਾਰ ਹੁੰਦਾ ਹੈ ਤਾਂ ਉਹ ਹੋਰ ਵੱਧ ਸਮਰਪਣ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਨ ਅਤੇ ਵਿਦਿਆਰਥੀਆਂ ਵਿੱਚ ਵੀ ਨਿਆਂ ਅਤੇ ਇਮਾਨਦਾਰੀ ਪ੍ਰਤੀ ਸਤਿਕਾਰ ਪੈਦਾ ਹੁੰਦਾ ਹੈ।

ਸਰਕਾਰੀ ਪ੍ਰਸ਼ਾਸਨ ਵਿੱਚ ਸੱਚਾਈ ਅਤੇ ਪਾਰਦਰਸ਼ਿਤਾ ਲੋਕਤੰਤਰ ਦੀ ਰੂਹ ਹਨ। ਨਾਗਰਿਕ ਉਮੀਦ ਕਰਦੇ ਹਨ ਕਿ ਸਰਕਾਰੀ ਅਧਿਕਾਰੀ ਸਹੀ ਜਾਣਕਾਰੀ ਦੇਣ, ਨਿਰਪੱਖ ਸੇਵਾਵਾਂ ਪ੍ਰਦਾਨ ਕਰਨ ਅਤੇ ਹਰ ਫ਼ੈਸਲਾ ਜਨਹਿੱਤ ਨੂੰ ਧਿਆਨ ਵਿੱਚ ਰੱਖ ਕੇ ਲੈਣ। ਜਦੋਂ ਸਰਕਾਰੀ ਯੋਜਨਾਵਾਂ, ਵਿਕਾਸ ਕਾਰਜ ਅਤੇ ਜਨਤਕ ਧਨ ਦੀ ਵਰਤੋਂ ਪੂਰੀ ਇਮਾਨਦਾਰੀ ਨਾਲ ਕੀਤੀ ਜਾਂਦੀ ਹੈ, ਤਾਂ ਲੋਕਾਂ ਦਾ ਸਰਕਾਰ 'ਤੇ ਭਰੋਸਾ ਹੋਰ ਮਜ਼ਬੂਤ ਹੁੰਦਾ ਹੈ। ਈ-ਗਵਰਨੈਂਸ, ਆਨਲਾਈਨ ਸ਼ਿਕਾਇਤ ਨਿਵਾਰਣ ਪ੍ਰਣਾਲੀਆਂ, ਡਿਜ਼ੀਟਲ ਸੇਵਾਵਾਂ ਅਤੇ ਜਨਤਕ ਰਿਪੋਰਟਿੰਗ ਨੇ ਇਸ ਦਿਸ਼ਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਨਿੱਜੀ ਕੰਪਨੀਆਂ ਲਈ ਵੀ ਪਾਰਦਰਸ਼ੀ ਪ੍ਰਸ਼ਾਸਨ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ। ਨਿਵੇਸ਼ਕ ਉਹਨਾਂ ਸੰਸਥਾਵਾਂ ਨੂੰ ਤਰਜ਼ੀਹ ਦਿੰਦੇ ਹਨ ਜੋ ਆਪਣੀਆਂ ਵਿੱਤੀ ਰਿਪੋਰਟਾਂ ਅਤੇ ਵਪਾਰਕ ਕਾਰਜਾਂ ਵਿੱਚ ਇਮਾਨਦਾਰੀ ਅਪਣਾਉਂਦੀਆਂ ਹਨ। ਗ੍ਰਾਹਕ ਵੀ ਉਹਨਾਂ ਕੰਪਨੀਆਂ ਨਾਲ ਲੰਬੇ ਸਮੇਂ ਤੱਕ ਜੁੜੇ ਰਹਿੰਦੇ ਹਨ ਜੋ ਆਪਣੇ ਵਾਅਦੇ ਪੂਰੇ ਕਰਦੀਆਂ ਹਨ ਅਤੇ ਖੁੱਲ੍ਹਾ ਸੰਚਾਰ ਰੱਖਦੀਆਂ ਹਨ। ਅਜਿਹੇ ਕਾਰਜ ਸਥਾਨਾਂ 'ਤੇ ਕਰਮਚਾਰੀ ਵਧੇਰੇ ਸੰਤੁਸ਼ਟ, ਤਣਾਅ-ਮੁਕਤ ਅਤੇ ਉਤਪਾਦਕ ਹੁੰਦੇ ਹਨ।

ਆਧੁਨਿਕ ਤਕਨੀਕ ਨੇ ਪਾਰਦਰਸ਼ਿਤਾ ਨੂੰ ਹੋਰ ਮਜ਼ਬੂਤ ਬਣਾਇਆ ਹੈ। ਡਿਜ਼ੀਟਲ ਰਿਕਾਰਡ, ਕਲਾਊਡ ਆਧਾਰਿਤ ਦਸਤਾਵੇਜ਼ੀਕਰਨ, ਬਾਇਓਮੈਟ੍ਰਿਕ ਹਾਜ਼ਰੀ, ਈ-ਦਫ਼ਤਰ ਅਤੇ ਆਨਲਾਈਨ ਨਿਗਰਾਨੀ ਪ੍ਰਣਾਲੀਆਂ ਮਨੁੱਖੀ ਦਖ਼ਲਅੰਦਾਜ਼ੀ ਨੂੰ ਘੱਟਾਉਂਦੀਆਂ ਹਨ ਅਤੇ ਜਵਾਬਦੇਹੀ ਨੂੰ ਵਧਾਉਂਦੀਆਂ ਹਨ। ਪਰ ਤਕਨੀਕ ਆਪਣੇ ਆਪ ਇਮਾਨਦਾਰੀ ਦੀ ਗਾਰੰਟੀ ਨਹੀਂ ਦੇ ਸਕਦੀ। ਇਸ ਲਈ ਨੈਤਿਕ ਅਤੇ ਆਦਰਸ਼ਵਾਦੀ ਲੀਡਰਸ਼ਿਪ ਦੀ ਲੋੜ ਹਮੇਸ਼ਾ ਬਣੀ ਰਹਿੰਦੀ ਹੈ। ਇੱਕ ਚੰਗਾ ਪ੍ਰਸ਼ਾਸਕ ਆਪਣੀਆਂ ਗਲਤੀਆਂ ਸਵੀਕਾਰ ਕਰਦਾ ਹੈ, ਖੁੱਲ੍ਹਾ ਸੰਚਾਰ ਰੱਖਦਾ ਹੈ ਅਤੇ ਆਪਣੇ ਵਿਓਹਾਰ ਰਾਹੀਂ ਦੂਜਿਆਂ ਲਈ ਮਿਸਾਲ ਬਣਦਾ ਹੈ। ਜਿੱਥੇ ਸੱਚਾਈ ਅਤੇ ਪਾਰਦਰਸ਼ਿਤਾ ਦੀ ਘਾਟ ਹੁੰਦੀ ਹੈ, ਉੱਥੇ ਪੱਖਪਾਤ, ਗਲਤ ਜਾਣਕਾਰੀ, ਅਵਿਸ਼ਵਾਸ, ਕਰਮਚਾਰੀਆਂ ਵਿੱਚ ਨਿਰਾਸ਼ਾ ਅਤੇ ਭ੍ਰਿਸ਼ਟਾਚਾਰ ਵੱਧਣ ਲੱਗਦੇ ਹਨ। ਅਜਿਹੇ ਮਾਹੌਲ ਵਿੱਚ ਮਿਹਨਤੀ ਅਤੇ ਇਮਾਨਦਾਰ ਲੋਕ ਵੀ ਹੌਸਲਾ ਹਾਰ ਜਾਂਦੇ ਹਨ, ਜਿਸ ਨਾਲ ਸੰਸਥਾ ਦੀ ਕਾਰਜਕੁਸ਼ਲਤਾ ਅਤੇ ਸਾਖ਼ ਦੋਵਾਂ ਨੂੰ ਗੰਭੀਰ ਨੁਕ-ਸਾਨ ਪਹੁੰਚਦਾ ਹੈ। ਪਾਰਦਰਸ਼ਿਤਾ ਦੀ ਸੰਸਕ੍ਰਿਤੀ ਇੱਕ ਦਿਨ ਵਿੱਚ ਨਹੀਂ ਬਣਦੀ। ਇਸ ਲਈ ਸਪੱਸ਼ਟ ਨੀਤੀਆਂ, ਖੁੱਲ੍ਹਾ ਸੰਚਾਰ, ਸ਼ਿਕਾਇਤ ਕਰਤਾ ਦੀ ਸੁਰੱਖਿਆ, ਨਿਯਮਤ ਆਡਿਟ, ਮਹੱਤਵਪੂਰਨ ਫ਼ੈਸਲਿਆਂ ਦਾ ਜਨਤਕ ਪ੍ਰਕਾਸ਼ਨ ਅਤੇ ਹਰ ਕਰਮਚਾਰੀ ਲਈ ਨੈਤਿਕ ਮਿਆਰਾਂ ਦੀ ਜਾਣਕਾਰੀ ਲਾਜ਼ਮੀ ਹੈ। ਪ੍ਰਸ਼ਾਸਕੀ ਸਿਖਲਾਈ ਵਿੱਚ ਕੇਵਲ ਪ੍ਰਬੰਧਕੀ ਹੁਨਰ ਹੀ ਨਹੀਂ, ਸਗੋਂ ਇਮਾਨਦਾਰੀ, ਜਵਾਬਦੇਹੀ ਅਤੇ ਨੈਤਿਕ ਫ਼ੈਸਲਾ ਲੈਣ ਦੀ ਯੋਗਤਾ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਸੱਚਾਈ ਅਤੇ ਪਾਰਦਰਸ਼ਿਤਾ ਪ੍ਰਸ਼ਾਸਨ ਦੀ ਕਮਜ਼ੋਰੀ ਨਹੀਂ, ਸਗੋਂ ਉਸ ਦੀ ਸਭ ਤੋਂ ਵੱਡੀ ਤਾਕਤ ਹਨ। ਇਮਾਨਦਾਰ ਪ੍ਰਸ਼ਾਸਕ ਡਰ ਨਾਲ ਨਹੀਂ, ਸਗੋਂ ਨਿਆਂ ਅਤੇ ਵਿਸ਼ਵਾਸ ਨਾਲ ਸੰਸਥਾਵਾਂ ਦਾ ਨਿਰਮਾਣ ਕਰਦੇ ਹਨ। ਅਜਿਹੀਆਂ ਸੰਸਥਾਵਾਂ ਵਧੇਰੇ ਮਜ਼ਬੂਤ, ਨਵੀਨਤਾਕਾਰੀ, ਜਵਾਬਦੇਹ ਅਤੇ ਟਿਕਾਊ ਵਿਕਾਸ ਵਾਲੀਆਂ ਬਣਦੀਆਂ ਹਨ।

ਅੱਜ ਦੇ ਡਿਜ਼ੀਟਲ ਅਤੇ ਆਪਸੀ ਜੁੜੇ ਹੋਏ ਸੰਸਾਰ ਵਿੱਚ ਨੈਤਿਕ ਪ੍ਰਸ਼ਾਸਨ ਦੀ ਲੋੜ ਪਹਿਲਾਂ ਨਾਲੋਂ ਕਈ ਗੁਣਾ ਵੱਧ ਚੁੱਕੀ ਹੈ। ਜੋ ਸੰਸਥਾਵਾਂ ਸੱਚਾਈ ਅਤੇ ਪਾਰਦਰਸ਼ਿਤਾ ਨੂੰ ਆਪਣਾ ਮੂਲ ਸਿਧਾਂਤ ਬਣਾਉਣਗੀਆਂ, ਉਹੀ ਜਨ-ਵਿਸ਼ਵਾਸ, ਉੱਚ ਉਤਪਾਦਕਤਾ, ਮਜ਼ਬੂਤ ਟੀਮ ਵਰਕ ਅਤੇ ਲੰਬੇ ਸਮੇਂ ਦੀ ਸਫ਼ਲਤਾ ਹਾਸਲ ਕਰਨਗੀਆਂ। ਇਸ ਲਈ ਸੱਚਾਈ ਅਤੇ ਪਾਰਦਰਸ਼ਿਤਾ ਕੇਵਲ ਨੈਤਿਕ ਗੁਣ ਨਹੀਂ, ਸਗੋਂ ਪ੍ਰਭਾਵਸ਼ਾਲੀ ਪ੍ਰਸ਼ਾਸਨ ਅਤੇ ਸਥਾਈ ਸੰਸਥਾਗਤ ਨਿਪੁੰਨਤਾ ਦੀ ਅਸਲ ਨੀਂਹ ਹਨ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਔਰੰਗਜ਼ੇਬ

ਜਿਆਦਾਤਰ ਪਿੰਡ ਵਾਸੀ ਪ੍ਰੋਫੈਸਰ ਨਿਸ਼ਾਨ ਸਿੰਘ ਨਾਲ ਗੱਲ ਕਰਨ ਤੋਂ ਕੰਨੀ ਕਤਰਾਉਂਦੇ ਸਨ। ਵੈਸੇ ਤਾਂ ਉਹ ਬਚਪਨ ਤੋਂ ਹੀ ਸਨਕੀ ਸੁਭਾਅ ਦਾ ਸੀ,ਪਰ ਰਿਟਾਇਰ ਹੋਣ ਤੋਂ ਬਾਅਦ ਉਹ ਕੁਝ ਚਿੜਚਿੜਾ ਜਿਹਾ ਵੀ ਹੋ ਗਿਆ ਸੀ। ਹਰ ਘਟਨਾ ਨੂੰ ਉਹ ਆਪਣੇ ਨਜ਼ਰੀਏ ਨਾਲ ਦੇਖਦਾ ਸੀ।ਉਸ ਬਾਰੇ ਉਸ ਦੇ ਆਪਣੇ ਵਿਚਾਰ ਹੁੰਦੇ ਸਨ।ਇਤਹਾਸ ਦਾ ਪ੍ਰੋਫੈਸਰ ਹੋਣ ਕਾਰਨ,ਇਤਿਹਾਸ 'ਤੇ ਉਸ ਦੀ ਮਜ਼ਬੂਤ ਪਕੜ ਸੀ। ਜਿੱਥੇ ਬਹੁਤੇ ਪਿੰਡ ਵਾਸੀ, ਉਸ ਨੂੰ ਦੇਖ ਕੇ ਆਪਣਾ ਰਾਹ ਬਦਲ ਲਿਆ ਕਰਦੇ ਸਨ।ਉੱਥੇ ਹੀ ਕਈ ਲੋਕ ਉਸ ਦੇ ਵਿਚਾਰ ਸੁਣਨ ਲਈ, ਦੋ ਦੋ ਘੰਟੇ ਉਸ ਦੇ ਘਰ ਬੈਠੇ ਰਿਹਾ ਕਰਦੇ ਸਨ। ਇਹ ਉਹ ਲੋਕ ਸਨ ਜੋ ਉਸ ਦੀਆਂ ਸੱਚੀਆਂ,ਖਰੀਆਂ ਅਤੇ ਕੋਰੀਆਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਸਨ।

" ਪ੍ਰਫੈਸਰ ਸਾਬ, ਅੱਜ ਆਪਣੇ ਪਿੰਡ ਵੀ ਸਤਲੁਜ ਫਿਲਮ ਦਿਖਾਉਣੀ ਆ।" ਪਿਆਰਾ ਸਿੰਘ ਨੇ, ਕੁਰਸੀ ਖਿੱਚ ਕੇ, ਉਸ ਦੇ ਕੋਲ ਬੈਠਦਿਆਂ ਕਿਹਾ । ਬਿਜਲੀ ਵਿਭਾਗ ਵਿੱਚੋ ਐਕਸੀਅਨ ਰਿਟਾਇਰ ਹੋਇਆ ਪਿਆਰਾ ਸਿੰਘ, ਨਿਸ਼ਾਨ ਸਿੰਘ ਤੋਂ ਦੋ ਜਮਾਤਾਂ ਪਿੱਛੇ ਪੜ੍ਹਦਾ ਸੀ । ਫੇਰ ਵੀ ਉਹ ਚੰਗੇ ਦੋਸਤ ਸਨ ।

" ਮੈਂ ਡੇਢ ਕੁ ਘੰਟੇ ਦੀ ਦੇਖੀ ਆ, ਲੈਪਟਾਪ 'ਤੇ। ਅੱਗੇ ਦੇਖਣ ਨੂੰ ਦਿਲ ਨਹੀਂ ਕੀਤਾ।"

" ਕੀ ਗੱਲ ਇਮੋਸ਼ਨਲ ਹੋ ਗਿਆ ?" " ਮੈਂ ਸੋਚਾਂ 'ਚ ਪੈ ਗਿਆ ਪਿਆਰਾ ਸਿੰਘ,ਕਿ ਮਰਨ ਵਾਲੇ ਵੀ ਆਪਣੇ,ਮਾਰਨ ਵਾਲੇ ਆਪਣੇ।ਕੁੱਟਣ ਵਾਲੇ ਵੀ ਆਪਣੇ,ਕੁੱਟ ਖਾਣ ਵਾਲੇ ਵੀ ਆਪਣੇ।ਚੰਦ ਛਿੱਲੜਾਂ ਦੀ ਖਾਤਰ ਕੋਈ ਇੰਨਾ ਨਿਰਦਈ ਕਿਸ ਤਰ੍ਹਾਂ ਹੋ ਸਕਦਾ। ਕਦੇ ਸੋਚਿਆ ਤੂੰ,ਕਿ ਅਸੀਂ ਗੁਲਾਮ ਕਿਉਂ ਹੋਏ ?"

ਪਿਆਰਾ ਸਿੰਘ ਡੂੰਘੀਆਂ ਨਜ਼ਰਾਂ ਨਾਲ ਪ੍ਰੋ ਨਿਸ਼ਾਨ ਸਿੰਘ ਵਲ ਦੇਖਦਾ ਜਾ ਰਿਹਾ ਸੀ।

" ਪਹਿਲਾਂ ਇੱਥੇ ਤੁਰਕ ਆਏ। ਤੂੰ ਆਪ ਸੋਚ, ਉਹ ਕਿੰਨੀ ਕੁ ਫ਼ੌਜ ਲੈ ਕੇ ਆਏ ਹੋਣ ਗੇ,ਪੰਜ ਹਜ਼ਾਰ,ਸੱਤ ਹਜ਼ਾਰ ? ਪੰਜ ਸੱਤ ਹਜ਼ਾਰ ਲੋਕਾਂ ਨੇ, ਲੱਖਾਂ ਲੋਕਾਂ ਨੂੰ ਆਪਣਾਂ ਗੁਲਾਮ ਬਣਾ ਲਿਆ ਸੀ। ਕਿਉਂਕਿ ਚੰਦ ਛਿੱਲੜਾਂ ਦੀ ਖਾਤਰ ਸਾਡੇ ਲੋਕ, ਉਹਨਾਂ ਦੀ ਫ਼ੌਜ ਵਿਚ ਭਰਤੀ ਹੋ ਗਏ ਸਨ। ਅਤੇ ਤੁਰਕ ਸ਼ਾਸਕ ਸਾਡੇ ਆਪਣਿਆਂ ਤੋਂ ਹੀ ਆਪਣਿਆਂ ਨੂੰ ਕੁੱਟਵਾ ਕੇ, ਮਰਵਾ ਕੇ,ਸਾਡੇ 'ਤੇ ਰਾਜ ਕਰਦੇ ਰਹੇ। ਫੇਰ ਮੁਗ਼ਲ ਆਏ, ਉਹ ਵੀ ਕਿੰਨੀ ਕੁ ਫ਼ੌਜ ਲੈ ਕੇ ਆਏ ਸਨ। ਅਸੀਂ ਜੰਤਰਾਂ ਮੰਤਰਾਂ ਨਾਲ ਉਨ੍ਹਾਂ ਨੂੰ ਅੰਨ੍ਹੇ ਅਤੇ ਅਪਾਹਜ਼ ਬਣਾਉਣ ਚ ਲੱਗੇ ਰਹੇ, ਉਹਨਾਂ ਤਲਵਾਰ ਦੇ ਜ਼ੋਰ ਨਾਲ ਲੱਖਾਂ ਲੋਕਾਂ ਨੂੰ ਆਪਣੇ ਗੁਲਾਮ ਬਣਾ ਲਿਆ। ਇਤਿਹਾਸ ਫਰੋਲ ਕੇ ਦੇਖ ਲੈ, ਉਹਨਾਂ ਨੇ ਵੀ ਸਾਡੇ ਆਪਣਿਆਂ ਤੋਂ ਆਪਣੇ ਹੀ ਮਰਵਾਏ ਸਨ। ਮੁਗ਼ਲ ਸ਼ਾਸਕਾਂ ਨੇ, ਡਰਾ ਧਮਕਾ ਜਾਂ ਲਾਲਚ ਦੇ ਕੇ ਆਪਣੇ ਧਰਮ ਦਾ ਪਸਾਰ ਕੀਤਾ ਅਤੇ ਧਰਮ ਦੇ ਦੇ ਨਾਂ ਤੇ ਆਪਣਿਆਂ ਹੱਥੋਂ ਆਪਣਿਆਂ ਨੂੰ ਹੀ ਕੁੱਟਵਾਇਆ ਅਤੇ ਮਰਵਾਇਆ ਸੀ। ਮੁਗ਼ਲ ਬਾਦਸ਼ਾਹਾਂ ਨੇ,ਆਮ ਲੋਕਾਂ ਵਿੱਚ ਧਾਰਮਿਕ ਵੰਡੀਆਂ ਪਾ ਜਿੱਥੇ ਆਪਣਾਂ ਰਾਜ ਮਜ਼ਬੂਤ ਕੀਤਾ ਉੱਥੇ ਹੀ ਆਪਣਿਆਂ ਤੋਂ ਆਪਣਿਆਂ ਹੱਥੋਂ ਕੁਟਵਾਇਆ, ਮਰਵਾਇਆ ਅਤੇ ਬੇਆਬਰੂ ਕਰਵਾਇਆ।

ਅੱਗੇ ਦੇਖ, ਗਿਣਤੀ ਦੇ ਕੁਝ ਅੰਗਰੇਜ਼ ,ਈਸਟ ਇੰਡੀਆ ਕੰਪਨੀ ਬਣਾ ਕੇ ਸਾਡੇ ਦੇਸ਼ ਵਿੱਚ ਆਏ ਅਤੇ ਸਾਡੇ ਆਪਣਿਆਂ ਨੂੰ, ਆਪਣੇ ਨਾਲ ਮਿਲਾ ਕੇ,ਦੋ ਸਦੀਆਂ ਤੱਕ ਸਾਨੂੰ ਲੁੱਟਦੇ ਅਤੇ ਕੁੱਟਦੇ ਰਹੇ। ਪੰਜ ਸੱਤ ਹਜ਼ਾਰ ਅੰਗਰੇਜ਼ ਪੂਰੇ ਦੇਸ਼ 'ਤੇ ਰਾਜ ਕਰਦੇ ਰਹੇ,( ਦੂਜੇ ਵਿਸ਼ਵ ਯੁੱਧ ਸਮੇਂ, ਭਾਰਤੀ ਫੌਜ ਵਿੱਚ ਅੰਗਰੇਜ਼ਾਂ ਦੀ ਗਿਣਤੀ ਵਧ ਜਾਣ ਕਾਰਨ ਦੇਸ਼ ਵਿੱਚ ਅੰਗਰੇਜ਼ਾਂ ਦੀ ਗਿਣਤੀ ਪੰਜਾਹ ਹਜ਼ਾਰ ਤੱਕ ਵਧ ਗਈ ਸੀ।) ਅਤੇ ਚੰਦ ਛਿੱਲੜਾਂ ਅਤੇ ਅਹੁਦਿਆਂ ਦੇ ਲਾਲਚੀ ਸਾਡੇ ਆਪਣਿਆਂ ਕੋਲੋਂ ਹੀ ਸਾਡੇ 'ਤੇ ਜ਼ੁਲਮ ਕਰਵਾਉਂਦੇ ਰਹੇ। ਵਿਦੇਸ਼ੀ ਬ੍ਰਿਟਿਸ਼ ਹਕੂਮਤ ਦੇ ਇਸ਼ਾਰਿਆਂ 'ਤੇ, ਆਪਣਿਆਂ ਨੂੰ ਹੀ ਗੋਲੀਆਂ ਨਾਲ ਭੁੰਨਦੇ ਰਹੇ। ਦੇਸ਼ ਦੇ ਸ਼ਾਸਕਾਂ ਦਾ ਕੋਈ ਧਰਮ ਨਹੀਂ ਹੁੰਦਾ ਪਿਆਰਾ ਸਿੰਘ। ਉਹਨਾਂ ਦਾ ਧਰਮ ਸਿਰਫ ਆਪਣੀ ਰਾਜਗੱਦੀ ਨੂੰ ਮਹਿਫੂਜ਼ ਰੱਖਣਾਂ ਹੁੰਦਾ ਹੈ। ਜਿਸ ਲਈ ਉਹ ਕਿਸੇ ਹੱਦ ਤੱਕ ਵੀ ਜਾ ਸਕਦੇ ਹਨ। ਦੇਸ਼ ਦੇ ਇਤਿਹਾਸ ਵਿਚ, ਮੁਗ਼ਲ ਸ਼ਾਸਕ ਔਰੰਗਜ਼ੇਬ ਨੂੰ ਸੱਭ ਤੋਂ ਜ਼ਿਆਦਾ ਜ਼ਾਲਿਮ,ਕਰੂਰ ਅਤੇ ਅੱਤਿਆਚਾਰੀ ਹੁਕਮਰਾਨ ਕਿਹਾ ਜਾਂਦਾ ਹੈ।ਉਸ ਦੇ ਜ਼ੁਲਮ ਸੁਣ ਹਰ ਕਿਸੇ ਦੀ ਰੂਹ ਕੰਬ ਜਾਂਦੀ ਹੈ।ਔਰੰਗਜ਼ੇਬ ਇੱਕ ਕੱਟੜ ਮੁਸਲਮਾਨ ਸੀ। ਉਸ ਦੇ ਦਿਲ ਦਿਮਾਗ 'ਤੇ ਪੂਰੇ ਭਾਰਤ ਨੂੰ ਮੁਸਲਿਮ ਦੇਸ਼ ਬਣਾਉਣ ਜਨੂੰਨ ਸਵਾਰ ਸੀ । ਇਸੇ ਲਈ ਉਹ ਗ਼ੈਰ ਮੁਸਲਿਮ ਲੋਕਾਂ 'ਤੇ ਅੱਤਿਆਚਾਰ ਅਤੇ ਜ਼ੁਲਮ ਕਰਦਾ ਸੀ ਤਾਂ ਕਿ ਉਹ ਡਰ ਕੇ ਇਸਲਾਮ ਧਰਮ ਕਬੂਲ ਕਰ ਲੈਣ।"

ਪ੍ਰੋ ਨਿਸ਼ਾਨ ਸਿੰਘ ਦਾ ਗਲਾ ਖੁਸ਼ਕ ਹੋ ਰਿਹਾ ਸੀ। ਚੇਹਰਾ ਕਠੋਰ ਹੁੰਦਾ ਜਾ ਰਿਹਾ ਸੀ। ਪਿਆਰਾ ਸਿੰਘ ਉਦਾਸੀਆਂ ਨਜ਼ਰਾਂ ਨਾਲ ਉਸ ਵੱਲ ਦੇਖਦਾ ਜਾ ਰਿਹਾ ਸੀ ।

" ਅੱਜ ਦੇਸ਼ ਦੇ ਹਰ ਕੋਨੇ 'ਚ ਔਰੰਗਜ਼ੇਬ ਭਰੇ ਪਏ ਹਨ।ਇਹ ਸਾਡੇ ਆਪਣੇ ਔਰੰਗਜ਼ੇਬ ਹਨ,ਜਿਹਨਾਂ ਦੇ ਜ਼ੁਲਮ ਦੇਖ ਕੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਆਤਮਾਂ ਵੀ ਕੰਬ ਰਹੀ ਹੋਵੇ ਗੀ। ਅੱਜ ਜ਼ੁਲਮ ਕਰਵਾਉਣ ਵਾਲੇ, ਜ਼ੁਲਮ ਕਰਨ ਵਾਲੇ ਅਤੇ ਜ਼ੁਲਮ ਦਾ ਸ਼ਿਕਾਰ ਹੋਣ ਵਾਲੇ ਸਾਰੇ ਸਾਡੇ ਆਪਣੇ ਘਰਾਂ ਦੇ, ਸਾਡੇ ਆਪਣੇ ਬੱਚੇ ਹਨ । ਚੰਦ ਛਿੱਲੜਾਂ ਦੀ ਖਾਤਰ, ਆਪਣਿਆਂ ਨੂੰ ਹੀ ਕੁਟਣ ਵਾਲੇ ਆਪਣੇ ਬੱਚਿਆਂ ਨੂੰ, ਆਪਣੇ ਕਹਿਣ ਦੀ ਹਿੰਮਤ ਨਹੀਂ ਹੋ ਰਹੀ ਮੇਰੀ।" ਉਸ ਦੀਆਂ ਨੀਰ ਭਰੀਆਂ ਨਜ਼ਰਾਂ ਡਾਢਾ ਦਰਦ ਅਤੇ ਗੁੱਸਾ ਭਰਿਆ ਪਿਆ ਸੀ।

ਪਿਆਰਾ ਸਿੰਘ ਨੇ, ਮੇਜ਼ 'ਤੇ ਰੱਖੇ ਪਾਣੀ ਦੇ ਜੱਗ ਵਿਚੋਂ ਪਾਣੀ ਦਾ ਗਿਲਾਸ ਭਰਿਆ ਅਤੇ ਗਿਲਾਸ ਪ੍ਰੋ ਨਿਸ਼ਾਨ ਸਿੰਘ ਦੇ ਹੱਥ ਫੜਾ,ਭਰੇ ਦਿਲ ਨਾਲ ਕਮਰੇ ਵਿੱਚੋਂ ਬਾਹਰ ਆ ਗਿਆ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਮੱਕੀ : ਪੰਜਾਬ ਦੀ ਖੇਤੀ ਦਾ ਸੁਨਹਿਰਾ ਭਵਿੱਖ

ਪੰਜਾਬ ਦੀ ਖੇਤੀ ਲੰਬੇ ਸਮੇਂ ਤੋਂ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ’ਤੇ ਨਿਰਭਰ ਰਹੀ ਹੈ। ਇਸ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ, ਪਾਣੀ ਦੇ ਪੱਧਰ ਅਤੇ ਵਾਤਾਵਰਨ ’ਤੇ ਮਾੜਾ ਅਸਰ ਪਿਆ ਹੈ। ਅਜਿਹੇ ਸਮੇਂ ਵਿੱਚ ਮੱਕੀ ਇੱਕ ਅਜਿਹੀ ਫ਼ਸਲ ਵਜੋਂ ਉਭਰ ਰਹੀ ਹੈ, ਜੋ ਨਾ ਸਿਰਫ਼ ਘੱਟ ਪਾਣੀ ਨਾਲ ਚੰਗੀ ਪੈਦਾਵਾਰ ਦਿੰਦੀ ਹੈ, ਸਗੋਂ ਕਿਸਾਨਾਂ ਲਈ ਆਮਦਨ ਦੇ ਨਵੇਂ ਮੌਕੇ ਵੀ ਪੈਦਾ ਕਰਦੀ ਹੈ। ਜੇ ਵਿਗਿਆਨਕ ਢੰਗ ਨਾਲ ਮੱਕੀ ਦੀ ਕਾਸ਼ਤ ਕੀਤੀ ਜਾਵੇ, ਤਾਂ ਇਹ ਰਵਾਇਤੀ ਫ਼ਸਲਾਂ ਦਾ ਇੱਕ ਲਾਭਕਾਰੀ ਵਿਕਲਪ ਸਾਬਤ ਹੋ ਸਕਦੀ ਹੈ।

ਮੱਕੀ ਦੀ ਵਰਤੋਂ ਮਨੁੱਖੀ ਭੋਜਨ, ਪਸ਼ੂਆਂ ਦੇ ਦਾਣੇ, ਪੋਲਟਰੀ ਫੀਡ, ਸਟਾਰਚ ਉਦਯੋਗ, ਮੱਕੀ ਦੇ ਤੇਲ, ਕਾਰਨ ਫਲੇਕਸ, ਪੌਪਕੌਰਨ ਅਤੇ ਕਈ ਹੋਰ ਖਾਦ ਪਦਾਰਥਾਂ ਵਿੱਚ ਹੁੰਦੀ ਹੈ। ਇਸ ਕਰਕੇ ਬਾਜ਼ਾਰ ਵਿੱਚ ਇਸ ਦੀ ਮੰਗ ਲਗਾਤਾਰ ਬਣੀ ਰਹਿੰਦੀ ਹੈ। ਭੋਜਨ ਉਦਯੋਗ ਅਤੇ ਪਸ਼ੂ ਪਾਲਣ ਦੇ ਵਧਦੇ ਖੇਤਰ ਨੇ ਵੀ ਮੱਕੀ ਦੀ ਮਹੱਤਤਾ ਹੋਰ ਵਧਾ ਦਿੱਤੀ ਹੈ।

ਮੱਕੀ ਦੀ ਕਾਸ਼ਤ ਲਈ ਚੰਗੀ ਨਿਕਾਸ ਵਾਲੀ ਦੋਮਟ ਜਾਂ ਰੇਤਲੀ ਦੋਮਟ ਮਿੱਟੀ ਸਭ ਤੋਂ ਢੁੱਕਵੀਂ ਮੰਨੀ ਜਾਂਦੀ ਹੈ। ਖੇਤ ਦੀ ਚੰਗੀ ਤਿਆਰੀ ਕਰਕੇ ਸਮੇਂ ਸਿਰ ਬਿਜਾਈ ਕਰਨੀ ਚਾਹੀਦੀ ਹੈ। ਪੰਜਾਬ ਵਿੱਚ ਖ਼ਰੀਫ਼ ਮੱਕੀ ਦੀ ਬਿਜਾਈ ਆਮ ਤੌਰ ’ਤੇ ਜੂਨ ਤੋਂ ਜੁਲਾਈ ਦੇ ਪਹਿਲੇ ਪੱਖ ਤੱਕ ਕੀਤੀ ਜਾਂਦੀ ਹੈ, ਜਦਕਿ ਕੁਝ ਇਲਾਕਿਆਂ ਵਿੱਚ ਬਸੰਤ ਰੁੱਤ ਦੀ ਮੱਕੀ ਵੀ ਉਗਾਈ ਜਾਂਦੀ ਹੈ।

ਵਧੀਆ ਪੈਦਾਵਾਰ ਲਈ ਹਮੇਸ਼ਾ ਪ੍ਰਮਾਣਿਤ ਅਤੇ ਉੱਚ ਗੁਣਵੱਤਾ ਵਾਲਾ ਬੀਜ ਹੀ ਵਰਤਣਾ ਚਾਹੀਦਾ ਹੈ। ਆਪਣੇ ਇਲਾਕੇ ਦੀਆਂ ਹਾਲਤਾਂ ਅਨੁਸਾਰ ਖੇਤੀਬਾੜੀ ਯੂਨੀਵਰਸਿਟੀ ਜਾਂ ਖੇਤੀ ਵਿਭਾਗ ਵੱਲੋਂ ਸਿਫ਼ਾਰਸ਼ ਕੀਤੀਆਂ ਕਿਸਮਾਂ ਦੀ ਚੋਣ ਕਰਨੀ ਚਾਹੀਦੀ ਹੈ। ਸਹੀ ਫ਼ਾਸਲੇ ’ਤੇ ਬਿਜਾਈ ਕਰਨ ਨਾਲ ਪੌਦਿਆਂ ਦਾ ਵਾਧਾ ਚੰਗਾ ਹੁੰਦਾ ਹੈ ਅਤੇ ਉਪਜ ਵਿੱਚ ਵਾਧਾ ਹੁੰਦਾ ਹੈ।

ਮੱਕੀ ਨੂੰ ਝੋਨੇ ਦੇ ਮੁਕਾਬਲੇ ਕਾਫ਼ੀ ਘੱਟ ਪਾਣੀ ਦੀ ਲੋੜ ਹੁੰਦੀ ਹੈ। ਇਹੀ ਇਸ ਦੀ ਸਭ ਤੋਂ ਵੱਡੀ ਖ਼ੂਬੀ ਹੈ। ਫ਼ਸਲ ਨੂੰ ਸਿਰਫ਼ ਲੋੜ ਅਨੁਸਾਰ ਹੀ ਸਿੰਚਾਈ ਦੇਣੀ ਚਾਹੀਦੀ ਹੈ। ਬੇਲੋੜਾ ਪਾਣੀ ਨਾ ਸਿਰਫ਼ ਖ਼ਰਚਾ ਵਧਾਉਂਦਾ ਹੈ, ਸਗੋਂ ਫ਼ਸਲ ਨੂੰ ਵੀ ਨੁਕਸਾਨ



ਪਹੁੰਚਾ ਸਕਦਾ ਹੈ। ਜਿੱਥੇ ਸੰਭਵ ਹੋਵੇ, ਉੱਥੇ ਟਪਕ ਸਿੰਚਾਈ ਵਰਗੀਆਂ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਨੂੰ ਅਪਣਾਉਣਾ ਲਾਭਦਾਇਕ ਰਹਿੰਦਾ ਹੈ।

ਖਾਦਾਂ ਦੀ ਵਰਤੋਂ ਮਿੱਟੀ ਦੀ ਜਾਂਚ ਦੇ ਆਧਾਰ ’ਤੇ ਕਰਨੀ ਚਾਹੀਦੀ ਹੈ। ਨਾਈਟ੍ਰੋਜਨ ਦੀ ਮਾਤਰਾ ਇੱਕੋ ਵਾਰ ਦੇਣ ਦੀ ਬਜਾਏ ਵੱਖ-ਵੱਖ ਪੜਾਵਾਂ ’ਤੇ ਦੇਣ ਨਾਲ ਫ਼ਸਲ ਨੂੰ ਵਧੇਰੇ ਲਾਭ ਮਿਲਦਾ ਹੈ। ਨਾਲ ਹੀ ਜ਼ਿੰਕ ਜਾਂ ਹੋਰ ਸੂਖਮ ਤੱਤਾਂ ਦੀ ਕਮੀ ਹੋਣ ’ਤੇ ਮਾਹਿਰਾਂ ਦੀ ਸਲਾਹ ਅਨੁਸਾਰ ਉਨ੍ਹਾਂ ਦੀ ਪੂਰਤੀ ਕਰਨੀ ਚਾਹੀਦੀ ਹੈ।

ਫ਼ਸਲ ਦੇ ਸ਼ੁਰੂਆਤੀ ਪੜਾਅ ਵਿੱਚ ਨਦੀਨਾਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ। ਜੇ ਸਮੇਂ ਸਿਰ ਨਦੀਨਾਂ ਦਾ ਪ੍ਰਬੰਧ ਨਾ ਕੀਤਾ ਜਾਵੇ ਤਾਂ ਉਹ ਪੌਦਿਆਂ ਨਾਲ ਪਾਣੀ, ਖਾਦ ਅਤੇ ਧੁੱਪ ਲਈ ਮੁਕਾਬਲਾ ਕਰਦੇ ਹਨ, ਜਿਸ ਨਾਲ ਉਪਜ ਘਟ ਸਕਦੀ ਹੈ। ਇਸ ਲਈ ਲੋੜ ਪੈਣ ’ਤੇ ਨਦੀਨਨਾਸ਼ਕ ਜਾਂ ਗੋਡੀ ਰਾਹੀਂ ਨਦੀਨਾਂ ਦਾ ਕੰਟਰੋਲ ਕਰਨਾ ਚਾਹੀਦਾ ਹੈ।

ਮੱਕੀ ਵਿੱਚ ਤਣਾ ਛੇਦਕ, ਫੌਜੀ ਸੁੰਡੀ ਅਤੇ ਕੁਝ ਹੋਰ ਕੀੜੇ ਨੁਕ-ਸਾਨ ਪਹੁੰਚਾ ਸਕਦੇ ਹਨ। ਇਸੇ ਤਰ੍ਹਾਂ ਪੱਤਿਆਂ ਅਤੇ ਭੁੱਟਿਆਂ ਨਾਲ ਸੰਬੰਧਿਤ ਕੁਝ ਬਿਮਾਰੀਆਂ ਵੀ ਆ ਸਕਦੀਆਂ ਹਨ। ਕਿਸਾਨਾਂ ਨੂੰ ਖੇਤ ਦਾ ਨਿਯਮਿਤ ਨਿਰੀਖਣ ਕਰਨਾ ਚਾਹੀਦਾ ਹੈ ਅਤੇ ਕਿਸੇ ਵੀ ਸਮੱਸਿਆ ਦੀ ਸੂਰਤ ਵਿੱਚ ਖੇਤੀ ਮਾਹਿਰਾਂ ਦੀ ਸਲਾਹ ਅਨੁਸਾਰ ਹੀ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ। ਬੇਲੋੜੀਆਂ ਦਵਾਈਆਂ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ।

ਜਦੋਂ ਭੁੱਟੇ ਪੂਰੀ ਤਰ੍ਹਾਂ ਪੱਕ ਜਾਣ ਅਤੇ ਦਾਣਿਆਂ ਵਿੱਚ ਨਮੀ ਘੱਟ ਰਹਿ ਜਾਵੇ ਤਾਂ ਸਮੇਂ ਸਿਰ ਕਟਾਈ ਕਰਨੀ ਚਾਹੀਦੀ ਹੈ। ਕਟਾਈ ਤੋਂ ਬਾਅਦ ਦਾਣਿਆਂ ਨੂੰ ਚੰਗੀ ਤਰ੍ਹਾਂ ਸੁਕਾ ਕੇ ਹੀ ਭੰਡਾਰਨ ਕਰਨਾ ਚਾਹੀਦਾ ਹੈ, ਤਾਂ ਜੋ ਨਮੀ ਕਾਰਨ ਫ਼ਸਲ ਖ਼ਰਾਬ ਨਾ ਹੋਵੇ।

ਅੱਜ ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਮੱਕੀ ਦੀ ਕਾਸ਼ਤ ਨੂੰ ਇੱਕ ਮਹੱਤਵਪੂਰਨ ਵਿਕਲਪ ਵਜੋਂ ਦੇਖਿਆ ਜਾ ਰਿਹਾ ਹੈ। ਇਹ ਫ਼ਸਲ ਧਰਤੀ ਹੇਠਲੇ ਪਾਣੀ ਦੀ ਬਚਤ ਕਰਨ ਦੇ ਨਾਲ-ਨਾਲ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਵੀ ਸਹਾਇਕ ਹੋ ਸਕਦੀ ਹੈ। ਜੇ ਕਿਸਾਨ ਵਿਗਿਆਨਕ ਸਿਫ਼ਾਰਸ਼ਾਂ ਅਨੁਸਾਰ ਕਾਸ਼ਤ ਕਰਨ, ਉੱਚ ਗੁਣਵੱਤਾ ਵਾਲਾ ਬੀਜ ਵਰਤਣ ਅਤੇ ਮੰਡੀਕਰਨ ਦੀ ਪਹਿਲਾਂ ਤੋਂ ਯੋਜਨਾ ਬਣਾਉਣ, ਤਾਂ ਮੱਕੀ ਦੀ ਖੇਤੀ ਹੋਰ ਵੀ ਲਾਭਕਾਰੀ ਸਾਬਤ ਹੋ ਸਕਦੀ ਹੈ।

ਸਮੇਂ ਦੀ ਲੋੜ ਹੈ ਕਿ ਪੰਜਾਬ ਦਾ ਕਿਸਾਨ ਰਵਾਇਤੀ ਫ਼ਸਲੀ ਚੱਕਰ ਤੋਂ ਅੱਗੇ ਵਧ ਕੇ ਮੱਕੀ ਵਰਗੀਆਂ ਘੱਟ ਪਾਣੀ ਵਾਲੀਆਂ ਫ਼ਸਲਾਂ ਨੂੰ ਅਪਣਾਏ। ਇਸ ਨਾਲ ਨਾ ਸਿਰਫ਼ ਕੁਦਰਤੀ ਸਰੋਤਾਂ ਦੀ ਸੰਭਾਲ ਹੋਵੇਗੀ, ਸਗੋਂ ਖੇਤੀ ਨੂੰ ਹੋਰ ਟਿਕਾਊ ਅਤੇ ਭਵਿੱਖ-ਪੱਖੀ ਬਣਾਉਣ ਵਿੱਚ ਵੀ ਮਦਦ ਮਿਲੇਗੀ।



**ਨਵਨੀਤ ਸਿੰਘ**
**9814509900**

# ਪੇਪਰ ਲੀਕ ਦੇ ਮਾਮਲਿਆਂ ਨੂੰ ਲੈ ਕੇ ਕੇਂਦਰ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਅਸਤੀਫਾ ਦੇਣ -ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ

***ਕਾਂਗਰਸ ਪਾਰਟੀ ਦਾ ਪੇਪਰ ਲੀਕ ਅਤੇ ਵਿਦਿਆਰਥੀਆਂ 'ਤੇ ਪੁਲਿਸ ਦੀ ਦਰਿੰਦਗੀ ਕਾਰਨ ਭਾਜਪਾ ਖ਼ਿਲਾਫ਼ ਬਲਾਚੌਰ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ***







**ਬਲਾਚੌਰ 22 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਸੈਂਕੜਿਆਂ ਕਾਂਗਰਸੀ ਵਰਕਰਾਂ ਨੇ ਵਾਰ-ਵਾਰ ਹੋ ਰਹੇ ਪੇਪਰ ਲੀਕ ਅਤੇ ਦਿੱਲੀ ਵਿੱਚ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਪੁਲਿਸ ਵੱਲੋਂ ਕੀਤੀ ਗਈ ਦਰਿੰਦਗੀ ਦੇ ਵਿਰੋਧ ਵਿੱਚ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਪੇਪਰ ਲੀਕ ਮਾਮਲਿਆਂ ਨੂੰ ਲੈ ਕੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਅਸਤੀਫ਼ਿਆਂ ਦੀ ਮੰਗ ਕੀਤੀ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਅਜੇ ਮੰਗੂਪੁਰ ਨੇ ਕਿਹਾ ਕਿ ਦੇਸ਼ ਵਿੱਚ ਲਗਭਗ ਹਰ ਮੁਕਾ-ਬਲੇ ਦੀ ਪ੍ਰੀਖਿਆ ਦਾ ਪੇਪਰ ਲੀਕ ਹੋ ਰਿਹਾ ਹੈ ਅਤੇ ਸਿੱਖਿਆ ਪ੍ਰਣਾਲੀ ਦੇ ਪ੍ਰਬੰਧ ਵਿੱਚ ਪੂਰੀ ਤਰ੍ਹਾਂ ਅਵਿਵਸਥਾ ਫੈਲੀ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਸੀਬੀਐਸਈ ਵੀ ਗਲਤ ਮੁਲਾਂਕਣ ਕਰਕੇ ਵਿਦਿਆਰਥੀਆਂ ਨਾਲ ਇਨਸਾਫ਼ ਕਰਨ ਵਿੱਚ ਨਾਕਾਮ ਰਹੀ ਹੈ, ਲੇਕਿਨ ਸਰਕਾਰ ਨੂੰ ਇਸਦੀ ਕੋਈ ਪਰਵਾਹ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਵਿਦਿਆਰਥੀ ਪੇਪਰ ਲੀਕ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਸਨ, ਤਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨਿਰਦੇਸ਼ਾਂ 'ਤੇ ਦਿੱਲੀ ਪੁਲਿਸ ਨੇ ਉਨ੍ਹਾਂ ਨਾਲ ਬੇਰਹਿਮੀ ਨਾਲ ਧੱਕਾ-ਮੁੱਕੀ ਅਤੇ ਕੁੱਟਮਾਰ ਕੀਤੀ। ਉਨ੍ਹਾਂ ਨੇ ਜ਼ੋਰ ਦਿੰਦਿਆਂ, ਕਿਹਾ ਕਿ ਭਾਜਪਾ ਲੋਕਤੰਤਰੀ ਸਰਕਾਰ ਨਹੀਂ, ਸਗੋਂ ਤਾਨਾਸ਼ਾਹੀ ਚਲਾ ਰਹੀ ਹੈ, ਜਿੱਥੇ ਵਿਰੋਧ ਦੀ ਹਰ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ। ਸੀਨੀਅਰ ਕਾਂਗਰਸੀ ਆਗੂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਵੀ ਤੰਜ ਕੱਸਦਿਆਂ, ਕਿਹਾ ਕਿ ਇੱਕ ਪਾਸੇ ਉਹ ਕੇਂਦਰੀ ਸਿੱਖਿਆ ਮੰਤਰੀ ਤੋਂ ਪੇਪਰ ਲੀਕ ਮਾਮਲਿਆਂ 'ਤੇ ਅਸਤੀਫ਼ੇ ਦੀ ਮੰਗ ਕਰ ਰਹੀ ਹੈ, ਜਦਕਿ ਦੂਜੇ ਧਿਰ ਪੰਜਾਬ ਵਿੱਚ ਹੋਏ ਕਈ ਪੇਪਰ ਲੀਕ ਮਾਮਲਿਆਂ ਦੇ ਬਾਵਜੂਦ ਆਪਣੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਬਚਾਅ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਆਪ ਨੂੰ ਵੀ ਉਹੀ ਕਰਨਾ ਚਾਹੀਦਾ ਹੈ, ਜੋ ਉਹ ਦੂਜਿਆਂ ਨੂੰ ਕਰਨ ਲਈ ਕਹਿੰਦੀ ਹੈ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਆਪ ਸਰਕਾਰ ਦੇ ਕਾਰ-ਜਕਾਲ ਦੌਰਾਨ ਪੰਜਾਬ ਵਿੱਚ ਕਈ ਵੱਡੇ ਪੱਧਰ ਤੇ ਪੇਪਰ ਲੀਕ ਦੇ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿੱਚ ਫਾਰਮਾਸਿਸਟ ਭਰਤੀ ਪ੍ਰੀਖਿਆ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੇ ਅੰਗਰੇਜ਼ੀ ਦੇ ਪੇਪਰ ਦਾ ਲੀਕ ਹੋਣਾ ਸ਼ਾਮਲ ਹੈ। ਉਨ੍ਹਾਂ ਨੇ ਪੁੱਛਿਆ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਮਾਮਲਿਆਂ ਵਿੱਚ ਕੀ ਕਾਰਵਾਈ ਕੀਤੀ ਹੈ? ਕਾਂਗਰਸੀ ਆਗੂਆਂ ਨੇ ਕਿਹਾ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਕੇਂਦਰ ਵਿੱਚ ਜੋ ਕੁਝ ਭਾਜਪਾ ਕਰ ਰਹੀ ਹੈ, ਉਹੀ ਕੁਝ ਪੰਜਾਬ ਵਿੱਚ ਆਪ ਸਰਕਾਰ ਕਰ ਰਹੀ ਹੈ। ਉਨ੍ਹਾਂ ਵੱਲੋਂ ਕਾਂਗਰਸੀ ਸਾਥੀਆਂ ਸਮੇਤ ਨਰੇਂਦਰ ਮੋਦੀ ਅਤੇ ਭਗਵੰਤ ਮਾਨ ਦਾ ਪੁਤਲਾ ਫੂਕ ਰੋਸ ਜ਼ਾਹਰ ਕੀਤਾ ਗਿਆ।

ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਅੰਮ੍ਰਿਤਪਾਲ ਭੋਸਲੇ ਜ਼ਿਲ੍ਹਾ ਕੋਆਰਡੀਨੇਟਰ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਧਰਮਪਾਲ ਸਾਬਕਾ ਚੇਅਰਮੈਨ, ਨਾਨਕ ਸਿੰਘ ਬਾਂਠ ਚੇਅਰਮੈਨ,ਹਰਜੀਤ ਸਿੰਘ ਜਾਡਲੀ ਜਨਰਲ ਸਕੱਤਰ, ਕੁਲਵਰਨ ਸਿੰਘ ਬਲਾਕ ਪ੍ਰਧਾਨ ਬੰਗਾ, ਰਾਮਦਾਸ ਸਿੰਘ ਬਲਾਕ ਪ੍ਰਧਾਨ ਔੜ, ਕੁਲਦੀਪ ਕੁਮਾਰ ਦੀਪਾ ਬਲਾਕ ਪ੍ਰਧਾਨ ਕਿਸਾਨ ਸੈੱਲ ਬਲਾਚੌਰ, ਜਤਿੰਦਰ ਸਿੰਘ ਬਲਾਕ ਪ੍ਰਧਾਨ ਕਿਸਾਨ ਸੈੱਲ ਯੜੋਆ, ਹੇਮੰਤ ਕੁਮਾਰ ਮੰਡਲ ਪ੍ਰਧਾਨ, ਰਾਜੂ ਬੂੰਗੜੀ ਜਨਰਲ ਸਕੱਤਰ, ਕੇਵਲ ਕ੍ਰਿਸ਼ਨ ਮੀਤ ਪ੍ਰਧਾਨ, ਮੋਹਿੰਦਰ ਪਾਲ ਮੀਤ ਪ੍ਰਧਾਨ, ਨਰਿੰਦਰ ਘਈ ਟਿੰਕੂ ਸਾਬਕਾ ਪ੍ਰਧਾਨ, ਲਾਲ ਚੇਚੀ ਪ੍ਰਧਾਨ ਯੂਥ, ਜਿੰਦਰ ਕੁਮਾਰ ਪ੍ਰਧਾਨ ਐਸ ਸੀ ਸੈੱਲ, ਰਾਜਿੰਦਰ ਸਿੰਘ ਸ਼ਿੰਦੀ ਦਫ਼ਤਰ ਸਕੱਤਰ, ਲਾਲ ਬਹਾਦੁਰ ਗਾਂਧੀ ਸਾਬਕਾ ਕੌਂਸਲਰ, ਨਰੇਸ਼ ਚੇਚੀ ਕੋਂਸਲਰ, ਪਾਨੀ ਕੁਮਾਰ ਕੌਂਸਲਰ, ਹਰਮੇਸ਼ ਬਿੱਲਾਂ ਪ੍ਰਧਾਨ, ਹਰਪ੍ਰੀਤ ਹੈਰੀ ਯੂਥ ਪ੍ਰਧਾਨ, ਅਵਤਾਰ ਸਿੰਘ ਓ ਬੀ ਸੀ ਚੇਅਰਮੈਨ, ਸੁਰਿੰਦਰ ਸ਼ਿੰਦਾ ਪ੍ਰਧਾਨ, ਸੌਨੂੰ ਪ੍ਰੇਮਨਗਰ, ਸੋਮਨਾਥ ਤੱਕਲਾ ਸੀਨੀਅਰ ਮੀਤ ਪ੍ਰਧਾਨ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**